# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੰਗਲਵਾਰ, ਮਿਤੀ 4 ਸਤੰਬਰ, 2012 ਨੂੰ 11.00 ਵਜੇ ਸਵੇਰੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ ਯੂਨੀਵਰਸਿਟੀ ਸੈਨੇਟ ਦੀ ਇੱਕਤਰਤਾ ਦੀ ਕਾਰਵਾਈ।

ਹਾਜ਼ਰ:-

1. ਡਾ. ਅ.ਸ. ਬਰਾੜ
   ਉਪ-ਕੁਲਪਤੀ . . . (ਸਭਾਪਤੀ)
2. ਡਾ. ਅਮਰਜੀਤ ਸਿੰਘ ਸਿੱਧੂ
3. ਡਾ. ਬਲਵਿੰਦਰ ਸਿੰਘ
4. ਡਾ. ਚਰਨਜੀਤ ਸਿੰਘ ਬੱਲ
5. ਡਾ. ਡੀ.ਐਨ. ਜੌਹਰ
6. ਡਾ. ਦਲਜੀਤ ਸਿੰਘ
7. ਡਾ. ਜਸਪਾਲ ਸਿੰਘ ਸੰਧੂ
8. ਸ. ਜਗਦੀਸ਼ ਸਿੰਘ
9. ਸ. ਜੋਰਾਵਰ ਸਿੰਘ
10. ਸ਼੍ਰੀ ਜੈਦੀਪ ਸਿੰਘ
11. ਡਾ. ਕੁਲਦੀਪ ਸਿੰਘ
12. ਸ. ਕੇ.ਐਸ. ਰੇਖੀ, ਐਡਵੋਕੇਟ
13. ਸ਼੍ਰੀ ਕਮਲਪਾਲ ਸਿੰਘ ਰੰਧਾਵਾ
14. ਡਾ. ਨੀਲਮ ਸੇਠੀ
15. ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ
16. ਡਾ. ਨੀਨਾ ਰੋਜ਼ੀ ਕਾਹਲੋਂ
17. ਸ. ਨਾਨਕ ਸਿੰਘ
18. ਡਾ. ਪੀ.ਕੇ. ਸਹਿਜਪਾਲ
19. ਡਾ ਪਰਮਜੀਤ ਕੌਰ
20. ਸ. ਪ੍ਰੇਮ ਸਿੰਘ ਐਡਵੋਕੇਟ
21. ਡਾ. ਰਜਿੰਦਰਜੀਤ ਕੌਰ,
    ਡੀਨ, ਅਕਾਦਮਿਕ ਮਾਮਲੇ
22. ਡਾ. ਸਤਿੰਦਰ ਕੌਰ
23. ਡਾ. ਸੁਖਦੇਵ ਸਿੰਘ ਖਾਹਰਾ
24. ਡਾ. ਸੁਖਦੇਵ ਸਿੰਘ ਸੋਹਲ
25. ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ
26. ਡਾ. ਐਸ.ਐਸ. ਜੌਹਲ

27. ਸ. ਵਰਿਆਮ ਸਿੰਘ

28. ਡਾ. ਇੰਦਰਜੀਤ ਸਿੰਘ, . . . (ਸਕੱਤਰ)
ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸੈਨੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ ਸਾਹਿਬਾਨ - ਡਾ. ਜੇ.ਐੱਸ. ਬੱਲ, ਡਾ. ਰਾਧਾ ਸ਼ਰਮਾ, ਡਾ. ਰਾਕੇਸ਼ ਮਹਾਜਨ, ਡਾ. ਵਿਕਰਮ ਚੱਢਾ, ਡਾ. ਏ.ਜੇ.ਐਸ. ਭੰਵਰ, ਡਾ.(ਮਿਸਿਜ਼) ਸੁਰਿੰਦਰਪਾਲ ਕੌਰ, ਡਾ. ਰਜਿੰਦਰ ਕੁਮਾਰ, ਡਾ. ਐਸ.ਕੇ. ਮੋਡਗਿੱਲ, ਸ਼੍ਰੀ ਵਿਨੋਦ ਕੁਮਾਰ ਸ਼ਾਹੀ, ਸ਼੍ਰੀਮਤੀ ਭੁਪਿੰਦਰ ਕੌਰ, ਡਾ. ਗੁਰਨਾਮ ਕੌਰ ਬੇਦੀ, ਡਾ. ਜਸਪਾਲ ਸਿੰਘ ਰੰਧਾਵਾ, ਸ਼੍ਰੀ ਚੰਦਰ ਕਾਂਤ ਮਹਾਜਨ, ਸ. ਤਿਰਲੋਚਨ ਸਿੰਘ , ਸ. ਜਸਪਾਲ ਸਿੰਘ ਬੱਗਾ, ਸ. ਜਜ਼ਬੀਰ ਸਿੰਘ, ਡਾ. ਸੁਰਜੀਤ ਪਾਤਰ, ਪ੍ਰੋ.(ਡਾ.) ਦਲੀਪ ਕੌਰ ਟਿਵਾਣਾ, Fr. Simon Kalladayal, ਸ. ਕਿਰਨਜੀਤ ਸਿੰਘ ਬਾਵਾ, ਡਾ. ਜੋਧ ਸਿੰਘ, ਪ੍ਰੋ. ਸ਼ਰਨਜੀਤ ਸਿੰਘ ਢਿੱਲੋਂ, ਪ੍ਰੋ. ਪ੍ਰਿਥੀਪਾਲ ਸਿੰਘ ਸੋਹੀ, ਸ. ਰਣਜੋਧ ਸਿੰਘ, ਸ. ਅਜਾਇਬ ਸਿੰਘ ਰੰਧਾਵਾ, ਸ. ਇੰਦਰਜੀਤ ਸਿੰਘ ਬਾਗੀ, ਪ੍ਰੋ. ਮਨਜੀਤ ਸਿੰਘ, ਜਲੰਧਰ, ਸ. ਹਰਚਰਨ ਸਿੰਘ, ਪ੍ਰੋ. ਸਵਰਨ ਕੌਰ, ਸ਼੍ਰੀ ਰਾਜ ਕੁਮਾਰ ਅਤੀਕਾਏ, ਪ੍ਰੋ. ਮਨਜੀਤ ਸਿੰਘ, ਪਟਿਆਲਾ, ਸ. ਭੁਪਿੰਦਰ ਸਿੰਘ ਆਨੰਦ, ਡਾ. ਆਦਰਸ਼ ਪਾਲ, ਡਾ. ਵਿਨੇ ਮਹਿਰਾ, ਡਾ. ਸ਼ਤੀਸ਼ ਵਰਮਾ, ਸ਼੍ਰੀਮਤੀ ਸ਼ਸ਼ੀ ਕਾਂਤਾ, ਪ੍ਰੋ. ਆਰ.ਕੇ. ਪਰਾਸ਼ਰ, ਡਾ ਅਨੁਰਾਗ ਸ਼ਰਮਾ, ਪ੍ਰੋ. ਦੀਪਕ ਪੇਂਟਲ, ਪ੍ਰੋ. ਆਰ.ਪੀ. ਬਾਂਬਾਹ, ਪ੍ਰੋ. ਖੇਮ ਸਿੰਘ ਗਿੱਲ, ਪ੍ਰੋ. ਵਿਰਸਾ ਸਿੰਘ ਵਲਟੋਹਾ, ਡਾ. ਦਿਨੇਸ਼ ਸ਼ਰਮਾ, ਸ. ਲਖਬੀਰ ਸਿੰਘ ਲੋਧੀਨੰਗਲ, ਡਾ. ਦਲਬੀਰ ਸਿੰਘ ਵੇਰਕਾ, ਸ਼੍ਰੀ ਅਨਿਲ ਜੋਸ਼ੀ, ਕੈਪਟਨ ਬਲਬੀਰ ਸਿੰਘ ਬਾਠ, ਡਾ. ਮੰਨਣ ਸਚਦੇਵਾ, ਸ਼੍ਰੀ ਮੁਨੀਸ਼ ਗੁਪਤਾ, ਡਾ. ਅੰਜਨਾ ਮਲਹੋਤਰਾ, ਮਿਸਿਜ਼ ਅਰਵਿੰਦਰ ਕੌਰ, ਮਿਸਿਜ਼ ਰੇਖਾ, ਮਿਸ ਅਨੂ, ਮਿਸ ਰਮਨਪ੍ਰੀਤ ਕੌਰ, ਅਮਨਪ੍ਰੀਤ ਕਾਹਲੋਂ , ਰਣਦੀਪ ਕੌਰ, ਸ਼੍ਰੀ ਸਚਿਨ ਕਾਲੜਾ, ਬਰਗੇਡੀਅਰ ਕੁਲਦੀਪ ਸਿੰਘ ਕਾਹਲੋਂ ਅਤੇ ਕੈਪਟਨ ਰਸ਼ਪਾਲ ਸਿੰਘ ਸੋਖਾਲਾ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਉਨ੍ਹਾਂ ਨੂੰ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਨਵੀਂ ਸੈਨੇਟ ਉਤੇ ਡਾ. ਡੀ. ਐਨ. ਜੌਹਰ, ਡਾ. ਸਤਿੰਦਰ ਕੌਰ, ਡਾ. ਸੁਲੱਖਣ ਸਿੰਘ, ਡਾ. ਪਰਮਿੰਦਰ ਕੌਰ, ਡਾ. ਜਸਪਾਲ ਸਿੰਘ ਸੰਧੂ, ਡਾ. ਕੁਲਦੀਪ ਸਿੰਘ, ਡਾ. ਬਲਵਿੰਦਰ ਸਿੰਘ, ਡਾ. ਨੀਲਮ ਸੇਠੀ, ਡਾ. ਦਲਜੀਤ ਸਿੰਘ, ਸ਼੍ਰੀਮਤੀ ਨਿਰਮਲਜੀਤ ਕੌਰ ਗਰੇਵਾਲ, ਸ਼੍ਰੀਮਤੀ ਸੁਨੀਤਾ ਸਹਿਗਲ, ਡਾ. ਪਰਮਜੀਤ ਕੌਰ, ਡਾ. ਨੀਨਾ ਰੋਜ਼ੀ ਕਾਹਲੋਂ, ਸ. ਅਜੀਤ ਸਿੰਘ, ਸ. ਜੋਰਾਵਰ ਸਿੰਘ, ਮਿਸ ਸੋਨਾ ਬਾਂਸਲ, ਸ਼੍ਰੀ ਅਰਜਿੰਦਰ ਸਿੰਘ, ਮਿਸਿਜ਼ ਅਨੰਦ ਪ੍ਰਭਾ, ਸ਼੍ਰੀ ਜੈਦੀਪ ਸਿੰਘ, ਸ਼੍ਰੀ ਗੁਰਿੰਦਰ ਸਿੰਘ ਅਤੇ ਸ਼੍ਰੀਮਤੀ ਫੂਲਨ ਅਤਰੀ ਦੀ ਨਵੇਂ ਮੈਂਬਰਾਂ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਮੈਂਬਰ ਸਾਹਿਬਾਨ ਨੂੰ ਇਕੱਤਰਤਾ ਵਿਚ ਸ਼ਾਮਿਲ ਹੋਣ ਲਈ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਨ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.2.2012 ਅਤੇ 26.3.2012 ਦੀ ਕਾਰਵਾਈ ਦੀ ਪੁਸ਼ਟੀ।**

1. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.2.2012 ਅਤੇ 26.3.2012 ਦੀ ਕਾਰਵਾਈ ਦੀ ਪੁਸ਼ਟੀ ਕਰਨ 'ਤੇ ਵਿਚਾਰ ਹੋਈ।

**ਪਾਸ ਹੋਇਆ** ਕਿ ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.2.2012 ਅਤੇ 26.3.2012 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.2.2012 ਅਤੇ 26.3.2012 ਦੇ ਨਿਰਣਿਆਂ ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਸੈਨੇਟ ਦੀਆਂ ਇੱਕਤਰਤਾਵਾਂ ਮਿਤੀ 1.2.2012 ਅਤੇ 26.3.2012 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ (**ਅੰਤਿਕਾਵਾਂ** ਅਨੁਸਾਰ) ਨੋਟ ਕੀਤੀ ਗਈ।

ਏਜੰਡੇ ਦੀ ਮੱਦ ਨੰ: 3,4 ਅਤੇ 5 ਸਬੰਧੀ ਸ. ਜਗਦੀਸ਼ ਸਿੰਘ ਨੇ ਕਿਹਾ ਕਿ ਪਿਛਲੇ ਕਾਫੀ ਸਮੇਂ ਤੋਂ ਸੈਨੇਟ ਦੇ ਮੈਂਬਰ ਸਾਹਿਬਾਨ ਚੋਣਾਂ ਕਰਵਾਉਣ ਦੇ ਹੱਕ ਵਿਚ ਨਹੀਂ ਰਹੇ।ਬਹੁਤ ਸਮਾਂ ਪਹਿਲਾਂ ਤੋਂ ਚੱਲ ਰਹੀ ਪਰੰਪਰਾ ਬੜੀ ਚੰਗੀ ਹੈ।ਇਸ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ ਅਤੇ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਣੇ ਚਾਹੀਦੇ ਹਨ।

ਸ. ਪ੍ਰੇਮ ਸਿੰਘ ਐਡਵੋਕੇਟ, ਪ੍ਰਿੰਸੀਪਲ ਨਾਨਕ ਸਿੰਘ, ਡਾ. ਦਲਜੀਤ ਸਿੰਘ ਅਤੇ ਹੋਰ ਸਮੂਹ ਮੈਂਬਰ ਸਾਹਿਬਾਨ ਨੇ ਮੈਂਬਰਾਂ ਦੀ ਕੋ-ਆਪਸ਼ਨ/ਚੋਣ ਕਰਨ ਦਾ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦੇਣ ਦਾ ਸਮਰਥਨ ਕੀਤਾ।

ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

3. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2012 ਤੋਂ 30.6.2014 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਸਬੰਧੀ-

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 13(1) ਦੀ ਧਾਰਾ (viii) (ਆਰਡੇਨਰੀ ਫੈਲੋ) ਅਧੀਨ ਮਿਤੀ 1.7.2012 ਤੋਂ 30.6.2014 ਤੱਕ ਦੇ ਸਮੇਂ ਲਈ ਸੈਨੇਟ ਵਾਸਤੇ ਤਿੰਨ ਵਿਅਕਤੀਆਂ ਨੂੰ ਕੋ-ਆਪਟ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸੈਨੇਟ ਦੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

4. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ ਦੀ 14(1) ਦੀ ਧਾਰਾ (viii) ਅਧੀਨ ਮਿਤੀ 1.7.2012 ਤੋਂ 30.6.2013 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਸਬੰਧੀ -

ਸਰਬਸੰਮਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 14(1) ਦੀ ਧਾਰਾ (viii) ਅਧੀਨ ਮਿਤੀ 1.7.2012 ਤੋਂ 30.6.2013 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਸਿੰਡੀਕੇਟ ਲਈ ਤਿੰਨ ਵਿਅਕਤੀਆਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

ਸੈਨੇਟ ਦੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।

5. ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2012 ਤੋਂ 30.6.2014 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਸਬੰਧੀ-

ਸਰਬਸਮੰਤੀ ਨਾਲ **ਪਾਸ ਹੋਇਆ** ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਐਕਟ ਦੇ ਸੈਕਸ਼ਨ 16(1) ਦੀ ਧਾਰਾ (iv) ਅਧੀਨ ਮਿਤੀ 1.7.2012 ਤੋਂ 30.6.2014 ਤੱਕ ਦੇ ਸਮੇਂ ਲਈ ਸੈਨੇਟ ਵੱਲੋਂ ਆਪਣੇ ਮੈਂਬਰਾਂ ਵਿਚੋਂ ਵਿਤ ਕਮੇਟੀ ਲਈ ਦੋ ਮੈਂਬਰਾਂ ਦੀ ਚੋਣ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਯੂਨੀਵਰਸਿਟੀ ਦੀ 41ਵੀਂ ਸਾਲਾਨਾ ਰਿਪੋਰਟ ਦੀ ਪਰਵਾਨਗੀ।**

6. ਸਾਲ 2011 ਲਈ ਯੂਨੀਵਰਸਿਟੀ ਦੀ 42ਵੀਂ ਸਾਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਉੱਤੇ ਵਿਚਾਰ ਹੋਈ।

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ-

ਬੀਤੇ ਵਰ੍ਹੇ (ਸਾਲ 2011) ਦੌਰਾਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਸਿੱਖਿਆ ਦੇ ਆਧੁਨੀਕੀਕਰਨ ਵਾਸਤੇ ਬਹੁਤ ਮਹੱਤਵਪੂਰਨ ਉਪਰਾਲੇ ਕੀਤੇ ਗਏ। ਯੂਨੀਵਰਸਿਟੀ ਨੇ ਅਕਾਦਮਿਕ, ਖੋਜ ਅਤੇ ਖੇਡਾਂ ਦੇ ਖੇਤਰ ਵਿਚ ਅਹਿਮ ਪ੍ਰਾਪਤੀਆਂ ਕੀਤੀਆਂ। ਦੇਸ਼ ਅਤੇ ਵਿਦੇਸ਼ ਦੀਆਂ ਮਹੱਤਵਪੂਰਨ ਸੰਸਥਾਵਾਂ ਨਾਲ ਕਈ ਅਕਾਦਮਿਕ ਸਮਝੌਤੇ ਕੀਤੇ ਗਏ।

ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਦੀ ਸੁਯੋਗ ਅਗਵਾਈ ਵਿਚ ਯੂਨੀਵਰਸਿਟੀ ਨੇ ਬਹੁਪੱਖੀ ਵਿਕਾਸ ਕੀਤਾ, ਬਹੁਤ ਸਾਰੇ ਮਹੱਤਵਪੂਰਨ ਪ੍ਰੋਜੈਕਟ ਸ਼ੁਰੂ ਕੀਤੇ ਗਏ ਅਤੇ ਵਿਦਿਆਰਥੀਆਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਕੁੱਝ ਵਿਸ਼ੇਸ਼ ਕੋਰਸਾਂ ਵਿਚ ਸੀਟਾਂ ਵੀ ਵਧਾਈਆਂ ਗਈਆਂ।

ਯੂਨੀਵਰਸਿਟੀ ਦਾ ਵਿਤੀ ਬੋਝ ਘੱਟ ਕਰਨ ਲਈ ਆਮਦਨ ਦੇ ਵੱਧ ਤੋਂ ਵੱਧ ਵਸੀਲਿਆਂ ਲਈ ਯੋਜਨਾਵਾਂ ਬਣਾਈਆਂ ਗਈਆਂ। ਇਸ ਦੇ ਨਾਲ-ਨਾਲ ਮਹੱਤਵਪੂਰਨ ਫੈਸਲਿਆਂ ਨੂੰ ਸੁਹਿਰਦਤਾ ਅਤੇ ਸੰਜੀਦਗੀ ਨਾਲ ਅਮਲੀ ਰੂਪ ਦਿੱਤਾ ਗਿਆ। ਇਨ੍ਹਾਂ ਮਹੱਤਵਪੂਰਨ ਪ੍ਰਾਪਤੀਆਂ ਸਦਕਾ ਹੀ ਅੱਜ ਇਹ ਯੂਨੀਵਰਸਿਟੀ ਦੇਸ਼ ਦੀਆਂ ਮੋਹਰਲੀਆਂ ਯੂਨੀਵਰਸਿਟੀਆਂ ਵਿਚ ਆਉਂਦੀ ਹੈ।

ਇਸ ਵਰ੍ਹੇ ਯੂਨੀਵਰਸਿਟੀ ਨੂੰ ਪੋਟੈਂਸ਼ੀਅਲ ਫਾਰ ਐਕਸੀਲੈਂਸ ਦੇ ਦਰਜੇ ਨਾਲ ਅਤੇ 50 ਕਰੋੜ ਰੁਪਏ ਦੀ ਗ੍ਰਾਂਟ ਨਾਲ ਨਿਵਾਜ਼ਿਆ ਗਿਆ ਹੈ, ਜਿਸ ਵਿਚੋਂ 30 ਕਰੋੜ ਦੀ ਗ੍ਰਾਂਟ ਯੂਨੀਵਰਸਿਟੀ ਕੋਲ ਪਹੁੰਚ ਚੁਕੀ ਹੈ। ਸਾਡੀ ਯੂਨੀਵਰਸਿਟੀ ਨੂੰ ਯੂ.ਜੀ.ਸੀ. ਵਲੋਂ 6.25 ਕਰੋੜ ਗ੍ਰਾਂਟ ਪੋਟੈਂਸੀਅਲ ਫਾਰ ਐਕਸੀਲੈਂਸ ਲਾਈਫ ਸਾਇੰਸਜ਼ ਵਿਚ ਮਿਲੀ ਅਤੇ ਇਸ ਤੋਂ ਇਲਾਵਾ ਪਰਸ (Purse) ਪ੍ਰੋਗਰਾਮ ਵਿਚ 9 ਕਰੋੜ ਦੀ ਗ੍ਰਾਂਟ ਮਿਲੀ। ਯੂਨੀਵਰਸਿਟੀ ਨੇ ਸਾਇੰਸ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਬਹੁਤ ਸਾਰੇ sophisticated ਯੰਤਰ ਖਰੀਦੇ ਹਨ, ਜਿਨ੍ਹਾਂ ਵਿਚ L.C.M.S., Confocal Microscope, Flow Sitometer, Fee Sem, U.P.L.C. ਆਦਿ ਸ਼ਾਮਿਲ ਹਨ।

ਇਸ ਤੋਂ ਇਲਾਵਾ ਭਾਰਤ ਸਰਕਾਰ ਦੇ ਮਾਨਵੀ ਸਰੋਤ ਵਿਕਾਸ ਮੰਤਰਾਲੇ ਅਤੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ 47 ਕਰੋੜ 5 ਲੱਖ ਰੁਪਏ ਦੀ ਲਾਗਤ ਨਾਲ ਸੈਂਟਰ ਫਾਰ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਿਤ ਕੀਤਾ ਗਿਆ ਹੈ।

ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿਚ ਲੱਗਭੱਗ 150 ਕਾਲਜ ਅਤੇ ਡਿਸਟੈਂਸ ਐਜੂਕੇਸ਼ਨ ਦੀਆਂ 100 ਦੇ ਲੱਗਭੱਗ ਐਸੋਸੀਏਟਸ ਸੰਸਥਾਵਾਂ ਹਨ। ਦਿਹਾਤੀ ਖੇਤਰਾਂ ਵਿਚ ਵੱਧ ਤੋਂ ਵੱਧ ਸਿਖਿਆ ਦੇ ਪਾਸਾਰ ਦੇ ਉਦੇਸ਼ ਨੂੰ ਲੈ ਕੇ ਯੂਨੀਵਰਸਿਟੀ ਵੱਲੋਂ 2 ਨਵੇਂ

ਰਿਜਨਲ ਕੈਂਪਸ ਜਿਨ੍ਹਾਂ ਵਿਚ ਸਠਿਆਲਾ ਵਿਖੇ 40 ਏਕੜ ਜ਼ਮੀਨ ਵਿਚ ਅਤੇ ਜਿਲ੍ਹਾ ਕਪੂਰਥਲਾ ਦੇ ਪਿੰਡ ਫੱਤੂਢੀਂਗਾ 'ਚ 45 ਏਕੜ ਜ਼ਮੀਨ ਵਿਚ ਰਿਜਨਲ ਕੈਂਪਸ ਦੀ ਸਥਾਪਨਾ ਕੀਤੀ ਗਈ ਹੈ। ਇਨ੍ਹਾਂ ਦੋਵਾਂ ਜਗ੍ਹਾ ਤੇ ਬਿਲਡਿੰਗ ਦੀ ਉਸਾਰੀ ਦਾ ਕੰਮ ਸ਼ੁਰੂ ਹੋ ਚੁੱਕਾ ਹੈ।

ਇਸ ਤੋਂ ਇਲਾਵਾ, ਇਸ ਸਾਲ ਤੋਂ ਚਾਰ ਨਵੇਂ ਕਾਲਜਾਂ ਨੇ ਆਪਣਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਨ੍ਹਾਂ ਵਿਚ ਜ਼ਿਲ੍ਹਾ ਅ੍ਰੰਮਿਤਸਰ ਵਿਖੇ ਵੇਰਕਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਨਰੋਟ ਜੈਮਲ ਸਿੰਘ, ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਚੁੰਗ ਅਤੇ ਜ਼ਿਲ੍ਹਾ ਕਪੂਰਥਲਾ ਵਿਖੇ ਬੇਬੇ ਨਾਨਕੀ ਕਾਲਜ, ਮਿਠੜਾ ਸ਼ਾਮਿਲ ਹਨ। ਇਨ੍ਹਾਂ ਕਾਲਜਾਂ ਵਿਚ 4600 ਤੋਂ ਵੱਧ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਵਲੋਂ ਜਲੰਧਰ ਸਥਿਤ ਕਾਸਟੀਚੂਐਟ ਕਾਲਜ ਲਾਡੋਵਾਲੀ ਰੋਡ 'ਤੇ 6 ਏਕੜ ਜ਼ਮੀਨ ਤੇ ਬਣੀ ਨਵੀਂ ਇਮਾਰਤ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਸਾਲ 2011 ਵਿਚ ਜਿੱਥੇ ਵਿਦਿਆਰਥੀਆਂ ਦੀ ਗਿਣਤੀ ਵਧਾਈ ਗਈ, ਉਥੇ ਇਸ ਗਿਣਤੀ ਨੂੰ ਸਮਾਉਣ ਵਾਸਤੇ ਇਮਾਰਤਾਂ ਵਿਚ ਵਾਧਾ ਕਰਨਾ ਵੀ ਜ਼ਰੂਰੀ ਹੋ ਗਿਆ ਸੀ, ਜਿਸ ਨੂੰ ਦੇਖਦੇ ਹੋਏ ਤਕਰੀਬਨ 7 ਕਰੋੜ ਤੋਂ ਵੱਧ ਰੁਪਇਆ ਖਰਚ ਕੀਤਾ ਗਿਆ। ਇਸ ਵਿਚ ਮੁੱਖ ਤੌਰ ਤੇ ਮਹਾਰਾਜਾ ਰਣਜੀਤ ਸਿੰਘ ਬਲਾਕ ਵਿਚ ਅੱਠ ਨਵੇਂ ਲੈਕਰਚ ਥਿਏਟਰ, ਫਿਜ਼ਿਕਸ ਬਲਾਕ ਅਤੇ ਕਮਿਸਟਰੀ ਬਲਾਕ ਵਿਚ ਵਾਧਾ, ਲਾਈਫ ਲੌਂਗ ਲਰਨਿੰਗ ਬਿਲਡਿੰਗ ਵਿਚ ਵਾਧਾ ਅਤੇ ਇਸ ਤੋਂ ਇਲਾਵਾ ਰਿਜ਼ਨਲ ਕੈਂਪਸ, ਜਲੰਧਰ ਵਿਚ ਆਈ.ਟੀ. ਬਲਾਕ ਅਤੇ ਨਿਆੜੀ ਕਾਲਜ ਵਿਚ ਵੀ ਨਵੀਂ ਇਮਾਰਤ ਦੀ ਉਸਾਰੀ ਕੀਤੀ ਗਈ।

ਯੂਨੀਵਰਸਿਟੀ ਲਈ ਇਹ ਵੀ ਮਾਣ ਵਾਲੀ ਗੱਲ ਹੈ ਕਿ ਕ੍ਰੈਡਿਟ ਅਧਾਰਤ ਮੁਲੰਕਣ ਪ੍ਰਣਾਲੀ ਆਰੰਭ ਕਰਨ ਨਾਲ ਇਹ ਯੂਨੀਵਰਸਿਟੀ ਉੱਤਰੀ ਖੇਤਰ ਦੀ ਪਹਿਲੀ ਸਟੇਟ ਯੂਨੀਵਰਸਿਟੀ ਬਣ ਗਈ ਹੈ।

ਯੂਨੀਵਰਸਿਟੀ ਦੀ 37ਵੀਂ ਸਾਲਾਨਾ ਕਨਵੋਕੇਸ਼ਨ ਵਿਚ ਸਵਿੱਟਜ਼ਰਲੈਂਡ ਦੇ ਨੋਬਲ ਪ੍ਰਾਈਜ਼ ਜੇਤੂ ਪ੍ਰੋਫੈਸਰ ਰਿਚਰਡ ਰੌਬਰਟ ਅਰਨਸਟ ਨੂੰ ਕੈਮਿਸਟਰੀ ਦੇ ਖੇਤਰ ਵਿਚ, ਅਮਰੀਕਾ ਦੇ ਪ੍ਰੋਫੈਸਰ ਅਲੈਗਜ਼ੈਂਡਰ ਪਾਈਨਜ਼ ਨੂੰ ਮੈਟੀਰੀਅਲ ਸਾਇੰਸ ਤੇ ਐਨ.ਐਮ.ਆਰ. ਦੇ ਖੇਤਰ ਵਿਚ ਅਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰੋਫੈਸਰ ਦਲੀਪ ਕੌਰ ਟਿਵਾਣਾ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਲਈ ਕ੍ਰਮਵਾਰ ਫੈਕਲਟੀ ਆਫ ਲਾਈਫ ਸਾਇੰਸਜ਼ ਅਧੀਨ ਡਾਕਟਰ ਆਫ ਸਾਇੰਸ (ਆਨਰਜ਼ ਕਾਜ਼ਾ) ਅਤੇ ਭਾਸ਼ਾਵਾਂ ਫੈਕਲਟੀ ਅਧੀਨ ਡਾਕਟਰ ਆਫ ਲਿਟਰੇਚਰ (ਆਨਰਜ਼ ਕਾਜ਼ਾ) ਦੀਆਂ ਡਿਗਰੀਆਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਵਾਰ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਚੇਅਰਮੈਨ ਪ੍ਰੋ. ਵੇਦ ਪ੍ਰਕਾਸ਼ ਮੁੱਖ ਮਹਿਮਾਨ ਦੇ ਤੌਰ 'ਤੇ ਆਏ।ਉਹਨਾਂ ਤੋਂ ਇਲਾਵਾ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ (ਏਮਜ਼) ਦੇ ਪ੍ਰੋਫੈਸਰ ਡਾ. ਏ.ਕੇ. ਮਹਾਂਪਾਤਰਾ ਅਤੇ ਡਾ. ਦਲੀਪ ਕੌਰ ਟਿਵਾਣਾ ਨੇ ਇਸ ਮੌਕੇ 'ਤੇ ਵਿਦਿਅਕ ਲੈਕਚਰ ਦਿੱਤੇ।

ਯੂਨੀਵਰਸਿਟੀ ਦੇ ਅਧਿਆਪਨ ਵਿਭਾਗਾਂ ਵਲੋਂ ਪੜ੍ਹਾਈ ਤੇ ਖੋਜ ਦੇ ਨਾਲ-ਨਾਲ ਅਕਾਦਮਿਕ ਸਰਗਰਮੀਆਂ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨਫਰੰਸ,

ਸੈਮੀਨਾਰ, ਵਰਕਸ਼ਾਪ ਅਤੇ ਗੋਸ਼ਟੀਆਂ ਕਰਵਾਈਆਂ ਗਈਆਂ।

ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਅਤੇ ਯਾਦਗਾਰੀ ਭਾਸ਼ਣਾਂ ਦੀ ਲੜੀ ਅਧੀਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ, ਵਿਚਾਰਧਾਰਾ ਅਤੇ ਬਾਣੀ, ਅਜੋਕੇ ਵਿਗਿਆਨ ਅਤੇ ਤਕਨਾਲੋਜੀ ਵਿਸ਼ੇ ਤੇ ਭਾਸ਼ਣ, ਕੈਨੇਡਾ ਦੇ ਉਘੇ ਰਾਜਨੀਤੀ ਸ਼ਾਸਤਰ ਦੇ ਵਿਦਵਾਨ, ਪ੍ਰੋਫੈਸਰ ਸ਼ਿੰਦਰ ਪੁਰੇਵਾਲ ਨੇ ਪੱਛਮੀ ਉਦਾਰਵਾਦੀ ਪ੍ਰਜਾਤੰਤਰਾਂ ਤੇ ਭਾਸ਼ਣ, ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦੀ ਵਿਲਖਣਤਾ ਵਿਸ਼ੇ ’ਤੇ ਤਿੰਨ ਦਿਨਾ ਅੰਤਰ-ਰਾਸ਼ਟਰੀ ਕਾਨਫਰੰਸ, "ਵੇਦਾਂ ਵਿਚ ਕਿਰਸਾਨੀ ਅਤੇ ਪਸ਼ੂ ਪਾਲਣ” ਵਿਸ਼ੇ ’ਤੇ ਇਕ-ਦਿਨਾ ਰਾਸ਼ਟਰੀ ਸੈਮੀਨਾਰ, ਮਹਾਨ ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ ਦੋ-ਦਿਨਾ ਸੈਮੀਨਾਰ, ਪੰਜਾਬੀ ਭਾਸ਼ਾ ਅਧਿਆਪਨ ਦੀ ਯੋਜਨਾਬੰਦੀ ਬਾਰੇ ਕਾਨਫਰੰਸ ਦਾ ਆਯੋਜਨ ਕੀਤਾ ਗਿਆ।

ਸਭਿਆਚਾਰਕ ਖੇਤਰ ਵਿਚ ਵੀ ਇਹ ਯੂਨੀਵਰਸਿਟੀ ਪੰਜਾਬ ਦੀਆਂ ਹੀ ਨਹੀਂ ਸਗੋਂ ਦੇਸ਼ ਦੀਆਂ ਯੂਨੀਵਰਸਿਟੀਆਂ ਵਿਚ ਵੀ ਅੱਗੇ ਹੈ। ਯੂਨੀਵਰਸਿਟੀ ਨੇ ਨਾਰਥ ਜ਼ੋਨ ਅੰਤਰ-ਯੂਨੀਵਰਸਿਟੀ ਯੂਥ ਫੈਸਟੀਵਲ ਵਿਚ ਓਵਰਆਲ ਚੈਂਪੀਅਨਸ਼ਿਪ ਟਰਾਫੀ 9ਵੀਂ ਵਾਰ ਅਤੇ ਰਾਸ਼ਟਰੀ ਪੱਧਰ ’ਤੇ ਓਵਰਆਲ ਚੈਪੀਅਨਸ਼ਿਪ ਟਰਾਫੀ 7ਵੀਂ ਵਾਰ ਜਿੱਤ ਕੇ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ।

ਯੂਨੀਵਰਸਿਟੀ ਕੈਂਪਸ ਦਾ ਪ੍ਰੋਗਰਾਮ ਜਸ਼ਨ ਹਰ ਸਾਲ ਬੜੇ ਜੋਸ਼ ਅਤੇ ਉਤਸ਼ਾਹ ਨਾਲ ਕਰਵਾਇਆ ਜਾਂਦਾ ਹੈ। ਉਸ ਦੇ ਨਾਲ-ਨਾਲ ਪੰਜਾਬੀ ਗਾਇਕੀ ਦੇ ਉੱਘੇ ਕਲਾਕਾਰ ਸਰਬਜੀਤ ਚੀਮਾ, ਹਰਭਜਨ ਮਾਨ, ਪੰਮੀ ਬਾਈ, ਹੰਸਰਾਜ ਹੰਸ ਅਤੇ ਹਾਸ ਕਲਾਕਾਰ ਭਾਰਤੀ ਸਿੰਘ ਤੋਂ ਇਲਾਵਾ ਹੋਰ ਵੀ ਨਾਮਵਰ ਸਖਸ਼ੀਅਤਾਂ ਨੇ ਵੱਖ-ਵੱਖ ਮੌਕਿਆਂ ਤੇ ਯੂਨੀਵਰਸਿਟੀ ਸਟੇਜ਼ ਤੇ perform ਕੀਤਾ ਅਤੇ ਵਿਦਿਆਰਥੀਆਂ ਨੇ ਖੂਬ ਆਨੰਦ ਮਾਣਿਆ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਇਕੋ-ਇਕ ਯੂਨੀਵਰਸਿਟੀ ਹੈ, ਜਿਸ ਨੇ ਖੇਡਾਂ ਦੇ ਖੇਤਰ ਵਿਚ ਸਰਵ-ਉੱਚ ਐਵਾਰਡ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ 21 ਵਾਰ ਜਿੱਤੀ ਹੈ ਅਤੇ ਕੋਈ ਵੀ ਯੂਨੀਵਰਸਿਟੀ ਇਹ ਐਵਾਰਡ ਇੰਨੀ ਵਾਰ ਨਹੀਂ ਜਿੱਤ ਸਕੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਰਾਸ਼ਟਰੀ ਪੱਧਰ ’ਤੇ ਸੱਤ ਵਾਰ ਨੈਸ਼ਨਲ ਚੈਂਪੀਅਨਸ਼ਿਪ ਟਰਾਫੀ ਅਤੇ ਨਾਰਥ ਜ਼ੋਨ ਇੰਟਰ-ਯੂਨੀਵਰਸਿਟੀ ਕਲਚਰਲ ਚੈਂਪੀਅਨਸ਼ਿਪ 9 ਵਾਰ ਜਿੱਤ ਚੁੱਕੀ ਹੈ।

ਇਸ ਯੂਨੀਵਰਸਿਟੀ ਦੇ ਖੇਡਾਂ ਦੇ ਪੱਧਰ ਨੂੰ ਵੇਖਦਿਆਂ ਹੋਇਆਂ ਮੌਜੂਦਾ ਹਾਕੀ ਸਟੇਡਿਅਮ ਦੇ ਨਵੀਨੀਕਰਣ ਵਾਸਤੇ ਪੰਜਾਬ ਸਰਕਾਰ ਵਲੋਂ 5.60 ਕਰੋੜ ਰੁਪਏ ਖਰਚ ਕੇ ਦਰਸ਼ਕਾਂ ਦੇ ਬੈਠਣ ਦੀ ਸਮਰਥਾ ਵਧਾਈ ਗਈ ਅਤੇ ਨਾਲ ਹੀ ਫਲੱਡ ਲਾਈਟਾਂ ਵੀ ਲਗਾਈਆਂ ਗਈਆਂ।

ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਫਿਲਾਸਫੀ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਯੂਨੀਵਰਸਿਟੀ ਵੱਡੇ ਪੱਧਰ ’ਤੇ ਉਪਰਾਲੇ ਕਰ ਰਹੀ ਹੈ। ਗੁਰੂ ਨਾਨਕ ਅਧਿਐਨ ਵਿਭਾਗ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ, ਵਿਚਾਰਧਾਰਾ ਤੇ ਬਾਣੀ ਬਾਰੇ ਖੋਜ ਕਾਰਜ ਕੀਤੇ ਗਏ ਅਤੇ ਸੈਮੀਨਾਰ ਵੀ ਕਰਵਾਏ ਗਏ।

ਯੂਨੀਵਰਸਿਟੀ ਵੱਲੋਂ ਇਸ ਸਰਹੱਦੀ ਖੇਤਰ ਵਿਚ ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰ ਵਿਚ

ਪਛੜੇ ਲੋਕਾਂ ਲਈ ਵੀ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਕੈਂਪਸ ਵਿਚ ਅਤੇ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਚ ਵੀ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨੂੰ ਮੁਫਤ ਸਿੱਖਿਆ ਦੀ ਸਹੂਲਤ ਦਿੱਤੀ ਗਈ। ਇਸ ਖਿੱਤੇ ਦੀਆਂ ਲੜਕੀਆਂ ਲਈ ਸਵੈ-ਰੁਜ਼ਗਾਰ ਵਾਸਤੇ ਕੈਂਪਸ ਵਿਚ ਡਰੈੱਸ ਡਿਜ਼ਾਇਨਿੰਗ ਐਂਡ ਟੇਲਰਿੰਗ ਅਤੇ ਟੈਕਸਟਾਈਲ ਡਿਜ਼ਾਇਨਿੰਗ ਤੋਂ ਇਲਾਵਾ ਰੇਡੀਓ, ਟੀ.ਵੀ. ਮਕੈਨਿਕ ਅਤੇ ਕੰਪਿਊਟਰ ਮੇਨਟੀਨੈਂਸ ਦੇ ਕੋਰਸ ਕਰਵਾਏ ਜਾ ਰਹੇ ਹਨ। ਗੁਰਦਾਸਪੁਰ ਰਿਜ਼ਨਲ ਕੈਂਪਸ ਵਿਚ ਵੀ ਇਹ ਕੋਰਸ ਚਲ ਰਹੇ ਹਨ।

ਯੂਨੀਵਰਸਿਟੀ ਦੀ ਵੈੱਬਸਾਈਟ ਨੇ ਵੀ ਇਸ ਵਰ੍ਹੇ ਅਹਿਮ ਭੂਮਿਕਾ ਨਿਭਾਈ। ਵੈੱਬਸਾਈਟ ਤੇ ਕਾਲਜਾਂ, ਰੈਗੂਲਰ ਤੇ ਪ੍ਰਾਈਵੇਟ ਵਿਦਿਆਰਥੀਆਂ ਅਤੇ ਆਮ ਲੋਕਾਂ ਲਈ ਯੂਨੀਵਰਸਿਟੀ ਬਾਰੇ ਹਰ ਤਰ੍ਹਾਂ ਦੀ ਜਾਣਕਾਰੀ ਮੁਹਈਆ ਕੀਤੀ ਗਈ।

ਯੂਨੀਵਰਸਿਟੀ ਦਾ ਪਲੇਸਮੈਂਟ ਵਿਭਾਗ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਹੈ। ਇਸ ਵਰ੍ਹੇ ਦੌਰਾਨ ਬਹੁ-ਕੌਮੀ ਕੰਪਨੀਆਂ ਵਿਚ 618 ਵਿਦਿਆਰਥੀਆਂ ਨੂੰ ਨੌਕਰੀਆਂ ਪ੍ਰਾਪਤ ਹੋਈਆਂ। ਯੂਨੀਵਰਸਿਟੀ ਦਾ ਪਲੇਸਮੈਂਟ ਵਿਭਾਗ ਮਾਰਚ 1998 ਵਿਚ ਕਾਇਮ ਕੀਤਾ ਗਿਆ ਸੀ। ਵਿਭਾਗ ਵੱਲੋਂ ਕੈਂਪਸ ਪਲੇਸਮੈਂਟ ਰਾਹੀਂ ਲਗਪਗ 6000 ਤੋਂ ਵੱਧ ਵਿਦਿਆਰਥੀਆਂ ਨੂੰ ਨੌਕਰੀਆਂ ਮਿਲ ਚੁੱਕੀਆਂ ਹਨ।

ਯੂਨੀਵਰਸਿਟੀ ਦਾ ਹੈਲਥ ਸੈਂਟਰ ਪਹਿਲਾਂ ਤੋਂ ਹੀ ਬਹੁਤ ਵਧੀਆ ਢੰਗ ਨਾਲ ਚੱਲ ਰਿਹਾ ਹੈ। ਇਸ ਦੀਆਂ ਸਹੂਲਤਾਂ ਹੋਰ ਵੀ ਵਧਾਈਆਂ ਗਈਆਂ ਹਨ, ਜਿਸ ਤਰ੍ਹਾਂ ਕਿ ਐਕਸ-ਰੇ ਯੂਨਿਟ, ਨਵਾਂ ਡੈਂਟਲ ਯੂਨਿਟ, ਕੰਪਿਊਟਰਾਈਜ਼ਡ ਈ.ਸੀ.ਜੀ., ਕਾਰਡਿਕਅਕ ਡੈਫੀਬ੍ਰਿਲੈਟਰ, ਕਾਰਡਿਅਕ ਮਾਨੀਟਰ ਆਦਿ। ਹੈਲਥ ਸੈਂਟਰ ਵਿਚ ਟੈਸਟਾਂ ਲਈ ਮਰੀਜਾਂ ਕੋਲੋਂ ਕੋਈ ਵੀ ਪੈਸਾ ਨਹੀਂ ਲਿਆ ਜਾਂਦਾ।

ਯੂਨੀਵਰਸਿਟੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਨਿਰੰਤਰ ਕਾਰਜਸ਼ੀਲ ਹੈ। ਯੂਨੀਵਰਸਿਟੀ ਨੂੰ ਆਪਣੀਆਂ ਪ੍ਰਾਪਤੀਆਂ ਤੇ ਮਾਣ ਹੈ ਅਤੇ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਵੀ ਪੂਰੀ ਤਰ੍ਹਾਂ ਸੁਚੇਤ ਹੈ।

ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪਿਛਲਾ ਵਰ੍ਹਾ ਜਿਥੇ ਉਪਲੱਬਧੀਆਂ ਭਰਿਆ ਰਿਹਾ, ਉਥੇ ਹੀ ਆਉਣ ਵਾਲੇ ਸਮੇਂ ਦੌਰਾਨ ਇਹ ਯੂਨੀਵਰਸਿਟੀ ਹੋਰ ਵੀ ਉਚਾਈਆਂ ਨੂੰ ਛੂਹੇਗੀ ਅਤੇ ਆਪਣੀਆਂ ਪਰੰਪਰਾਵਾਂ ਨੂੰ ਕਾਇਮ ਰਖਦਿਆਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਦੇ ਨਾਲ-ਨਾਲ ਭਵਿੱਖ ਵਿਚ ਇਹ ਯੂਨੀਵਰਸਿਟੀ ਕੌਮਾਂਤਰੀ ਸਿੱਖਿਆ ਚੁਣੌਤੀਆਂ ਨੂੰ ਕਬੂਲਦਿਆਂ ਹੋਇਆਂ ਆਪਣੀਆਂ ਸਮਾਜਕ ਜ਼ਿੰਮੇਵਾਰੀਆਂ ਨੂੰ ਬਾਖੂਬੀ ਨਿਭਾਉਣ ਦਾ ਯਤਨ ਕਰੇਗੀ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਵਿਚ ਪਿਛਲੇ ਇਕ ਸਾਲ ਵਿਚ 20 ਕਰੋੜ ਰੁਪਏ ਦੇ ਸਪੋਰਟਸ ਪ੍ਰਾਜੈਕਟ ਲਿਆਂਦੇ ਗਏ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਨੇ ਸਪੋਰਟਸ ਦੇ ਖੇਤਰ ਵਿਚ ਬਹੁਤ ਸਾਰੀਆਂ ਮੱਲਾਂ ਮਾਰੀਆਂ ਹਨ। ਯੂਨੀਵਰਸਿਟੀ ਨੂੰ ਸਪੋਰਟਸ ਵਾਸਤੇ ਜੋ ਗ੍ਰਾਂਟ ਦਿੱਤੀ ਗਈ ਹੈ, ਉਹ ਵਧੀਕ ਹੈ। ਪਿਛਲੇ ਬੱਜਟ ਵਿਚ 100 ਫੈਲੋਸ਼ਿਪ ਹਰ ਸਾਲ ਪੀਐਚ.ਡੀ. ਲਈ ਮਨਜੂਰ ਕੀਤਾ ਗਿਆ ਸੀ। ਯੂਨੀਵਰਸਿਟੀ ਨੂੰ ਇਸ ਸਾਲ potential for excellence ਦਾ ਦਰਜਾ ਮਿਲਿਆ ਹੈ। ਹੋਰ ਕਿਸੇ ਵੀ

ਯੂਨੀਵਰਸਿਟੀ ਵਿਚ ਐਮ.ਫਿਲ. ਜਾਂ ਪੀਐਚ.ਡੀ. ਕਰਨ ਵਾਲੇ ਵਿਦਿਆਰਥੀ ਨੂੰ ਸਕਾਲਰਸ਼ਿਪ ਨਹੀਂ ਮਿਲਦਾ, ਪਰ ਹੁਣ ਸਾਡੇ ਜਿੰਨੇ ਵੀ ਵਿਦਿਆਰਥੀ ਪੀਐਚ.ਡੀ. ਕਰਨਗੇ, ਉਨ੍ਹਾਂ ਨੂੰ ਸ਼ਕਾਰਸ਼ਿਪ ਦਿੱਤਾ ਜਾਵੇਗਾ। ਕੁਝ ਵਿਭਾਗਾਂ ਵਿਚ ਪੀਐਚ.ਡੀ. ਦੀਆਂ ਸੀਟਾਂ ਪੂਰੀਆਂ ਹਨ, ਪ੍ਰੰਤੂ ਕਈ ਵਿਭਾਗਾਂ ਵਿਚ ਘੱਟ ਹਨ। ਪੀਐਚ.ਡੀ. ਵਿਚ ਦਾਖਲੇ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਲਾਈਫ ਸਾਇੰਸਜ਼ ਦੀ ਵਿਭਾਗ ਦੀ ਬਿਲਡਿੰਗ ਬਣਾਈ ਗਈ ਹੈ।ਯੂਨੀਵਰਸਿਟੀ ਨੂੰ 30 ਕਰੋੜ ਦੀ ਗ੍ਰਾਂਟ ਮਿਲੀ ਹੈ । ਉਸ ਵਿਚੋਂ 26 ਕਰੋੜ ਦੇ ਇੰਸਟਰੂਮੈਂਟ ਖਰੀਦੇ ਗਏ ਹਨ।ਇਸ ਲਈ ਵੱਖਰੀ ਬਿਲਡਿੰਗ ਤਿਆਰ ਹੋ ਜਾਣੀ ਹੈ।ਯੂਨੀਵਰਸਿਟੀ ਨੇ ਪਿਛਲੇ ਤਿੰਨ ਸਾਲਾਂ ਵਿਚ ਬਹੁਤ ਤਰੱਕੀ ਕੀਤੀ ਹੈ।ਪਿਛਲੇ ਸਾਲ 500-500 ਕਿਲੋਵਾਟ ਦੇ 24 ਜਨਰੇਟਰ ਖਰੀਦੇ ਹਨ।ਕਈ ਵਿਭਾਗਾਂ ਵਿਚ Infrastructure ਦੀ ਕਾਫੀ ਘਾਟ ਹੈ। 250 ਕਿਲੋਵਾਟ ਦੇ 2 ਹੋਰ ਜਨਰੇਟਰ ਖਰੀਦੇ ਗਏ ਹਨ।ਸੱਭਿਆਚਾਰ ਅਤੇ ਖੇਡਾਂ ਦੇ ਖੇਤਰ ਵਿਚ ਯੂਨੀਵਰਸਿਟੀ ਦਾ ਪਹਿਲਾ ਹੀ ਬਹੁਤ ਨਾਮ ਹੈ। ਸਾਡੀ ਇਹ ਵੀ ਕੋਸ਼ਿਸ਼ ਹੋਵੇਗੀ ਕਿ ਅਧਿਆਪਨ ਅਤੇ ਖੋਜ ਦਾ ਮਿਆਰ ਉਚ ਪੱਧਰੀ ਹੋਵੇ।ਇਸ ਮੰਤਵ ਲਈ ਸਾਰੇ ਫੈਕਲਟੀ ਮੈਂਬਰਾਂ ਦਾ ਪੂਰਾ-ਪੂਰਾ ਸਹਿਯੋਗ ਮਿਲ ਰਿਹਾ ਹੈ । ਇਸ ਦਾ ਇਹ ਫਾਇਦਾ ਹੋਇਆ ਹੈ ਕਿ ਵੱਖ-ਵੱਖ ਕੋਰਸਾਂ ਵਿਚ ਦਾਖਲਾ ਬਹੁਤ ਜ਼ਿਆਦਾ ਹੋਇਆ ਹੈ। ਇਲੈਕਟ੍ਰੋਨਿਕਸ ਅਤੇ ਕੰਪਿਊਟਰ ਸਾਇੰਸ ਵਿਚ ਵੇਟਿੰਗ ਸੀਟਾਂ ਵੀ ਭਰ ਗਈਆਂ ਹਨ। ਜੇਕਰ ਸੀਟਾਂ ਦੋ-ਗੁਣਾਂ ਵੀ ਕਰ ਦਿੱਤੀਆਂ ਜਾਣ ਤਾਂ ਵੀ ਉਹ ਭਰ ਜਾਣਗੀਆਂ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਇਸ ਯੂਨੀਵਰਸਿਟੀ ਵਿਚ ਜੁਅਇਨ ਕੀਤਾ ਤਾਂ ਉਹ ਚਾਹੁੰਦੇ ਸਨ ਕਿ ਵੱਖਰੇ-ਵੱਖਰੇ ਕੋਰਸਾਂ ਦੀਆਂ ਸੀਟਾਂ ਵਧਾਈਆਂ ਜਾਣ ਤਾਂ ਜੋ ਜ਼ਿਆਦਾ ਵਿਦਿਆਰਥੀ ਦਾਖਲ ਹੋ ਸਕਣ। ਯੂਨੀਵਰਸਿਟੀ ਵਿਚ ਪਿਛਲੇ ਸਾਲ ਕੋਈ ਫੀਸ ਨਹੀਂ ਵਧਾਈ ਗਈ ਅਤੇ ਕੇਵਲ ਹੋਸਟਲ ਦੀ ਫੀਸ ਹੀ ਵਧਾਈ ਗਈ ਹੈ।ਇਸ ਨਾਲ ਬੱਜਟ ਪੂਰਾ ਹੋ ਰਿਹਾ ਹੈ ਅਤੇ ਵਿਕਾਸ ਵੀ ਪੂਰੀ ਤਰ੍ਹਾਂ ਹੋ ਰਿਹਾ ਹੈ।ਅਗਲੇ ਸਾਲ ਵੀ ਫੀਸ ਵਧਾਉਣ ਤੋਂ ਗੁਰੇਜ ਕੀਤਾ ਜਾਵੇਗਾ।ਸਾਡੀ ਮਜਬੂਰੀ ਇਹ ਹੈ ਕਿ ਪੰਜਾਬ ਸਰਕਾਰ ਤੋਂ 36 ਕਰੋੜ ਰੁਪਏ ਗ੍ਰਾਂਟ ਵਜੋਂ ਮਿਲੇ ਹਨ, ਪ੍ਰੰਤੂ ਬੱਜਟ 200 ਕਰੋੜ ਰੁਪਏ ਦੇ ਬਰਾਬਰ ਹੈ।ਆਉਂਦੇ ਸਾਲਾਂ ਵਿਚ ਯੂਨੀਵਰਸਿਟੀ ਨੂੰ ਕਾਫੀ ਸੋਚ ਸਮਝ ਕੇ ਖਰਚਾ ਕਰਨਾ ਹੋਵੇਗਾ।ਉਹ ਚਾਹੁੰਦੇ ਹਨ ਕਿ ਇਹ ਯੂਨੀਵਰਸਿਟੀ ਹੋਰ ਤਰੱਕੀ ਕਰੇ ਅਤੇ ਇਸ ਦਾ ਉਚੇਰਾ ਪੱਧਰ ਕਾਇਮ ਰਹੇ।

ਯੂਨੀਵਰਸਿਟੀ ਦੀ 42ਵੀਂ ਸਲਾਨਾ ਰਿਪੋਰਟ ਬਾਰੇ ਬਹਿਸ ਵਿਚ ਹਿੱਸਾ ਲੈਂਦਿਆਂ ਮੈਂਬਰ ਸਾਹਿਬਾਨ ਨੇ ਆਪਣੇ-ਆਪਣੇ ਵਿਚਾਰ ਪ੍ਰਗਟ ਕੀਤੇ।

<u>ਪ੍ਰਿੰਸੀਪਲ ਜਗਦੀਸ਼ ਸਿੰਘ</u>

ਉਨ੍ਹਾਂ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ 2011 ਦੀ ਸਲਾਨਾ ਰਿਪੋਰਟ ਵਿਚ ਬਹੁਤ ਵਧੀਆ ਉਪਲੱਬਧੀਆਂ ਹਨ। ਇਸ ਯੂਨੀਵਰਸਿਟੀ ਨੇ ਪਿਛਲੇ 42-43 ਸਾਲਾਂ ਵਿਚ ਕਾਫੀ ਤਰੱਕੀ ਕੀਤੀ ਹੈ। ਪ੍ਰੰਤੂ ਪਿਛਲੇ 3-4 ਸਾਲਾਂ ਵਿਚ ਇਹ ਤਰੱਕੀ ਬੜੀ ਤੇਜ਼ੀ ਨਾਲ ਹੋਈ ਹੈ। ਫਿਜ਼ੀਕਲ ਅਤੇ ਵਿਦਿਅਕ ਸਹੂਲਤਾਂ ਵੀ ਦਿੱਤੀਆਂ ਗਈਆ ਹਨ। ਲਬਾਰਟਰੀਆਂ ਅਤੇ ਹੋਸਟਲ ਬਣ ਰਹੇ ਹਨ। ਪਹਿਲਾਂ ਨਾਲੋਂ ਵਿਦਿਆਰਥੀਆਂ ਦੀ ਗਿਣਤੀ ਵਿਚ ਕਾਫੀ ਤੇਜੀ ਨਾਲ ਵਾਧਾ ਹੋਇਆ ਹੈ। ਇਸ ਸਾਲ ਕਰੀਬ 20,000 ਵਿਦਿਆਰਥੀਆਂ ਨੇ ਦਾਖਲਾ ਲਿਆ ਹੈ ।ਉਨ੍ਹਾਂ ਕਿਹਾ ਕਿ ਸਠਿਆਲਾ ਅਤੇ ਸੁਲਤਾਨਪੁਰ ਲੋਧੀ ਵਿਖੇ ਨਵੇਂ ਯੂਨੀਵਰਸਿਟੀ ਕੈਂਪਸ ਬਣਾਏ ਗਏ ਹਨ। ਭਾਰਤ ਵਿਚ ਯੂਨੀਵਰਸਿਟੀਆਂ ਤਾਂ 400-500 ਹੋਣਗੀਆਂ, ਪਰ ਉਨ੍ਹਾਂ ਵਿਚੋਂ ਪਹਿਲੀਆਂ

5-7 ਦੀ ਪੁਜੀਸ਼ਨ ਵਿਚ ਸਾਡੀ ਯੂਨੀਵਰਸਿਟੀ ਦਾ ਆਉਣਾ ਬਹੁਤ ਵੱਡੀ ਉਪਲੱਬਧੀ ਹੈ।ਇਹ ਬੜੇ ਫ਼ਖਰ ਦੀ ਗੱਲ ਹੈ ਕਿ ਸਾਡੀ ਯੂਨੀਵਰਸਿਟੀ ਹਰ ਪਾਸਿਓ ਤਰੱਕੀ ਕਰ ਰਹੀ ਹੈ।ਇਹ ਸਭ ਕੁਝ ਉਪ-ਕੁਲਪਤੀ ਸਾਹਿਬ ਦੀ ਸੁਚੱਜੀ ਅਗਵਾਈ ਕਰਕੇ ਹੋ ਰਿਹਾ ਹੈ। ਸਟੱਡੀ ਸੈਂਟਰ ਇਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਵਾਸਤੇ 50 ਕਰੋੜ ਮਨਜੂਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਾਰੀ ਦੁਨੀਆਂ ਵਿਚ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦਾ ਪਰਚਾਰ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਐਸੀ ਸਖਸ਼ੀਅਤ ਹੋਏ ਹਨ, ਜਿਨ੍ਹਾਂ ਨੇ ਸਾਰੇ ਧਰਮਾਂ ਨੂੰ ਤਰਜੀਹ ਦਿੱਤੀ ਹੈ। ਆਮ ਜਨਤਾ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਸਿਰਫ ਪੰਜਾਬ ਪੱਧਰ ਤੇ ਹੀ ਨਹੀਂ , ਸਗੋਂ ਸੰਸਾਰ ਪੱਧਰ ਤੇ ਵੀ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਨੂੰ ਇਹ ਦੱਸਣ ਦੀ ਲੋੜ ਹੈ ਕਿ ਸਿੱਖ ਧਰਮ ਦੀ ਬਾਣੀ ਅਜਿਹੀ ਬਾਣੀ ਹੈ ਜਿਹੜੀ ਕਿਸੇ ਹੋਰ ਧਰਮ ਵਿਚ ਨਹੀਂ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਅਨੁਵਾਦ ਸਾਧਾਰਨ ਬੋਲੀ ਵਿਚ ਹੋਣਾ ਚਾਹੀਦਾ ਹੈ।ਜਨਤਾ ਨੂੰ ਇਸ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

<u>ਉਪ-ਕੁਲਪਤੀ ਸਾਹਿਬ</u>

ਉਨ੍ਹਾਂ ਕਿਹਾ ਕਿ ਇਸ ਸੈਂਟਰ ਵਿਚ ਦੋ ਪ੍ਰੋਫੈਸਰਾਂ ਦੀ ਨਿਯੁਕਤੀ ਹੋ ਚੁਕੀ ਹੈ। 12 ਪ੍ਰਾਜੈਕਟ ਫੈਲੋ ਅਤੇ 4-5 ਵਿਜ਼ਿਟਿੰਗ ਪ੍ਰੋਫੈਸਰ 3-3 ਮਹੀਨੇ ਲਈ ਨਿਯੁਕਤ ਕੀਤੇ ਗਏ ਹਨ।ਅਕਾਲ ਤੱਖਤ ਸਾਹਿਬ ਦੇ ਸਾਬਕਾ ਜੱਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਇਸ ਸੈਂਟਰ ਦੇ ਰੈਗੂਲਰ ਵਿਜ਼ਟਰ ਹਨ। ਇਸ ਸੈਂਟਰ ਤੋਂ ਇਕ ਜਰਨਲ ਵੀ ਕੱਢ ਰਹੇ ਹਾਂ। ਸਾਡਾ ਸੈਂਟਰ ਕਾਫੀ ਵਧੀਆ ਚੱਲ ਰਿਹਾ ਹੈ। ਦੋ ਵਾਰੀ ਅਸਾਮੀਆਂ ਦਾ ਇਸ਼ਤਿਹਾਰ ਦਿੱਤਾ ਗਿਆ ਹੈ, ਪ੍ਰੰਤੂ ਯੋਗ ਉਮੀਦਵਾਰ ਨਹੀਂ ਮਿਲਿਆ।ਸਾਲ 2012 ਤੋਂ ਬੇਸਿਕ ਪੰਜਾਬੀ ਲਾਜ਼ਮੀ ਕੀਤੀ ਜਾ ਰਹੀ ਹੈ।ਇਸ ਬਾਰੇ ਸਾਨੂੰ ਬਹੁਤ ਚੰਗਾ ਹੁੰਗਾਰਾ ਮਿਲਿਆ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਵੀ ਪੰਜਾਬੀ ਲਾਗੂ ਹੈ।

<u>ਡਾ. ਐਸ.ਐਸ. ਜੌਹਲ</u>

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੀ ਵਧੀਆ ਕਾਰਗੁਜ਼ਾਰੀ ਲਈ ਉਹ ਸਾਰੀਆਂ ਫੈਕਲਟੀਜ਼ ਨੂੰ ਬਹੁਤ ਵਧਾਈ ਦੇਂਦੇ ਹਨ। ਗੁਰੂ ਗ੍ਰੰਥ ਸਾਹਿਬ ਸਟੱਡੀ ਸੈਂਟਰ ਬਾਰੇ ਕਾਫੀ ਕੰਮ ਸ਼ੁਰੂ ਹੋ ਗਿਆ ਹੈ।ਸਕਾਲਰਾਂ ਨੂੰ ਬੁਲਾ ਕੇ ਇਸ ਬਾਰੇ ਜਾਣੂ ਕਰਵਾਇਆ ਜਾਵੇ।ਬਹੁਤ ਬੱਚਿਆਂ ਕੋਲ talent ਹੁੰਦਾ ਹੈ।ਇਸ ਲਈ ਉਨ੍ਹਾਂ ਨੂੰ talent ਦਿਖਾਉਣ ਦਾ ਮੋਕਾ ਦੇਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਸਮੱਸਿਆ ਹੱਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਲਾਨਾ ਰਿਪੋਰਟ ਬਹੁਤ ਵਧੀਆ ਹੈ। ਇਹ ਇਕ ਖੋਜ ਯੂਨੀਵਰਸਿਟੀ ਹੈ। ਟੈਕਨਾਲੋਜੀ 'ਤੇ ਵੀ ਖੋਜ ਹੋ ਸਕਦੀ ਹੈ।ਇਸ ਯੂਨੀਵਰਸਿਟੀ ਵਿਖੇ ਇਮਾਰਤਾਂ ਵੀ ਬਹੁਤ ਵਧੀਆ ਬਣੀਆਂ ਹੋਈਆਂ ਹਨ।

<u>ਉਪ-ਕੁਲਪਤੀ ਸਾਹਿਬ</u>

ਉਨ੍ਹਾਂ ਕਿਹਾ ਕਿ ਪਬਲੀਕੇਸ਼ਨ ਵਿਚ ਇਸ ਯੂਨੀਵਰਸਿਟੀ ਨੇ ਕਾਫੀ ਸਫਲਤਾ ਪ੍ਰਾਪਤ ਕੀਤੀ ਹੈ।

<u>ਸ਼੍ਰੀ ਅਮਰਜੀਤ ਸਿੰਘ ਸਿੱਧੂ</u>

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਦੂਸਰੀ ਮਿਆਦ ਮਿਲਣ ਤੇ ਸੈਨੇਟ ਵੱਲੋਂ ਵਧਾਈ ਦਿੱਤੀ। ਉਨ੍ਹਾਂ ਕਿਹਾ ਯੂਨੀਵਰਸਿਟੀ ਨੂੰ potential of excellence ਲਈ 50 ਕਰੋੜ ਰੁਪਏ ਦੀ ਮਿਲੀ ਰਾਸ਼ੀ ਵਿਚੋਂ ਇਕ ਸੋਸ਼ਲ ਸਾਇੰਸ ਦੀ ਲੈਬ ਵੀ ਬਣਾਈ ਜਾਣੀ ਚਾਹੀਦੀ ਹੈ। ਲੈਬ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਜਿੱਥੇ

ਸਾਰਾ ਡਾਟਾ ਇਕੋ ਜਗ੍ਹਾ ਇਕੱਠਾ ਹੋ ਜਾਵੇ। ਲੈਬ ਵਾਸਤੇ ਲੋੜ ਅਨੁਸਾਰ ਯੰਤਰ ਖਰੀਦ ਲੈਣੇ ਚਾਹੀਦੇ ਹਨ।

<u>ਉਪ-ਕੁਲਪਤੀ ਸਾਹਿਬ</u>

ਉਨ੍ਹਾਂ ਕਿਹਾ ਕਿ ਸੋਸ਼ਲ ਸਾਇੰਸ ਵਾਸਤੇ 86 ਲੱਖ ਰੁਪਏ ਦਾ ਬੱਜਟ ਰੱਖਿਆ ਗਿਆ ਹੈ। ਇਸ ਵਾਰ ਸੋਸ਼ਲ ਸਾਇੰਸ ਵਿਭਾਗ ਵਿਚ ਦਾਖਲਾ ਵਧੀਆ ਹੋਇਆ ਹੈ। ਸਾਡੇ ਕੋਲ ਬਹੁਤ ਚੰਗੇ ਵਿਦਿਆਰਥੀ ਆਉਂਦੇ ਹਨ, ਜਿਸ ਨਾਲ ਖੋਜ ਵਿਚ ਵਾਧਾ ਹੁੰਦਾ ਹੈ। ਜਦ ਉਨ੍ਹਾਂ ਉਪ-ਕੁਲਪਤੀ ਵਜੋਂ ਜੁਆਇਨ ਕੀਤਾ ਸੀ ਤਾਂ ਉਸ ਵੇਲੇ ਦਾਖਲਿਆਂ ਦੀ ਹਾਲਤ ਚੰਗੀ ਨਹੀਂ ਸੀ। ਪਹਿਲਾ ਬੀ.ਐਸ.ਸੀ. ਵਿਚ 50 ਸੀਟਾਂ ਸਨ, ਜੋ ਵਧਾ ਕੇ 100 ਕਰ ਦਿੱਤੀਆਂ ਗਈਆਂ ਅਤੇ ਇਸ ਦੀਆਂ ਸੀਟਾਂ ਵਿਚ ਹੋਰ ਵਾਧਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੋ ਕਰੋੜ ਰੁਪਏ ਇਲੈਕਟ੍ਰੋਨਿਕਸ ਵਿਭਾਗ ਵਾਸਤੇ ਦਿੱਤੇ ਗਏ ਹਨ। ਨਵੀਂ ਬਿਲਡਿੰਗ ਬਣਾਈ ਗਈ ਹੈ। 6 ਕਰੋੜ ਰੁਪਏ ਇਸ ਦੀ ਮੈਂਟੀਨੈਂਸ ਵਾਸਤੇ ਚਾਹੀਦੇ ਹਨ। ਇਸ ਯੂਨੀਵਰਸਿਟੀ ਨੂੰ ਪੰਜਾਬ ਗੌਰਮਿੰਟ ਤੋਂ 30 ਕਰੋੜ ਰੁਪਏ ਮਿਲੇ ਹਨ, ਜਿਸ ਦੀ ਐਫ.ਡੀ. ਕਰਵਾ ਦਿੱਤੀ ਗਈ ਹੈ।ਅਸੀਂ ਸਾਰੀਆਂ ਐਫ.ਡੀ. ਆਰਜ਼ ਮਾਰਚ ਤੱਕ ਕਰਵਾ ਲਈਆਂ ਹਨ। ਇਸ ਉਤੇ ਜ਼ਿਆਦਾ ਵਿਆਜ ਮਿਲਦਾ ਹੈ। ਸਾਇੰਸ ਵਿਚ ਤਰੱਕੀ ਕਰਨ ਵਾਸਤੇ ਬਹੁਤ ਰਾਸ਼ੀ ਖਰਚ ਕਰਨੀ ਪੈਂਦੀ ਹੈ। ਅਸੀਂ ਬਾਹਰੋਂ ਯੰਤਰ ਖਰੀਦੇ ਹਨ। ਅਗਲੇ ਸਾਲਾਂ ਵਾਸਤੇ ਲਬਾਰਟਰੀਆਂ ਵੱਡੀ ਪੱਧਰ ਤੇ ਬਨਾਉਣੀਆਂ ਪੈਣਗੀਆਂ। ਚਾਰ ਪੰਜ ਅਧਿਆਪਕ ਰੱਖਣੇ ਹੋਣਗੇ। ਲਬਾਰਟਰੀ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ, ਜਿਸ ਵਿਚ 100 ਵਿਦਿਆਰਥੀ ਇਕੱਠੇ ਕੰਮ ਕਰ ਸਕਣ।ਲਾਈਫ ਸਾਇੰਸ ਵਾਸਤੇ ਵੀ ਲੈਬਾਰਟਰੀ ਬਣਾਈ ਜਾਵੇਗੀ।

<u>ਸ਼੍ਰੀਮਤੀ ਸੁਨੀਤਾ ਸਹਿਗਲ</u>

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਕਾਲਜ ਵਿਚ ਭਾਸ਼ਾ ਵਿਭਾਗ ਹੈ, ਪ੍ਰੰਤੂ ਲੈਬਾਰਟਰੀ ਨਹੀਂ ਹੈ। ਇਸ ਦੀ ਵਿਵਸਥਾ ਹੋਣੀ ਚਾਹੀਦੀ ਹੈ।

<u>ਡਾ. ਸੁਖਦੇਵ ਸਿੰਘ ਖਾਹਰਾ</u>

ਉਨ੍ਹਾਂ ਕਿਹਾ ਕਿ ਪੰਜਾਬੀ ਵਿਭਾਗ ਵਿਚ language ਲੈਬਾਰਟਰੀ ਹੋਣੀ ਚਾਹੀਦੀ ਹੈ। ਬਹੁਤ ਸਾਰੇ ਵਿਭਾਗਾਂ ਨੂੰ ਯੂ.ਜੀ.ਸੀ. ਵੱਲੋਂ SAP ਸਕੀਮ ਮਿਲੀ ਹੈ।ਪੰਜਾਬੀ ਵਿਭਾਗ ਨੂੰ ਵੀ SAP ਸਕੀਮ ਮਿਲੀ ਹੈ। ਉਸ ਵਿਚ language ਲੈਬ ਦਾ ਵਰਣਨ ਕੀਤਾ ਗਿਆ ਹੈ। ਯੂ.ਜੀ.ਸੀ. ਵੱਲੋਂ ਦਿੱਤੇ ਗਏ ਸਟੱਡੀ ਸੈਂਟਰ ਦਾ focus ਕਲਚਰ ਤੇ ਵੀ ਹੈ। ਇਸ ਖਿਤੇ ਵਿਚ ਕਈ ਤਰ੍ਹਾਂ ਦੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਮੁੱਢਲੀ ਪੰਜਾਬੀ ਭਾਸ਼ਾ ਦਾ ਜ਼ਿਕਰ ਕਰਦਿਆ ਉਨ੍ਹਾਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰ ਦਿੱਤਾ ਗਿਆ ਹੈ। ਇਸ ਦਾ ਵਿਰੋਧ ਵੀ ਹੋਇਆ। ਇਹ ਭਾਸ਼ਾ ਸਾਡੇ ਕਲਚਰ ਨਾਲ ਵੀ ਸਬੰਧ ਰੱਖਦੀ ਹੈ। ਅਸੀਂ ਚਾਹੁੰਦੇ ਹਾਂ ਕਿ ਜਦੋਂ ਵਿਦਿਆਰਥੀ ਡਿਗਰੀ ਪ੍ਰਾਪਤ ਕਰੇ ਤਾਂ ਉਸ ਦੀ socialization ਵਧੀਆ ਢੰਗ ਨਾਲ ਹੋਵੇ।

<u>ਡਾ. ਜਸਪਾਲ ਸਿੰਘ ਸੰਧੂ</u>

ਉਨ੍ਹਾਂ ਕਿਹਾ ਕਿ ਇਸ ਯੂਨੀਵਰਸਿਟੀ ਦੀ ਤਰੱਕੀ ਦਾ ਕਰੈਡਿਟ ਉਪ-ਕੁਲਪਤੀ ਸਾਹਿਬ ਨੂੰ ਜਾਂਦਾ ਹੈ। ਯੂਨੀਵਰਸਿਟੀ ਵੱਲੋਂ ਬਾਰਡਰ ਏਰੀਆ ਵਿਚ ਉਚ-ਪੱਧਰੀ ਵਿਦਿਆ ਪਰਦਾਨ ਕੀਤੀ ਜਾ ਰਹੀ ਹੈ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਇਹ ਸਾਡੀ ਸਾਰਿਆਂ ਦੀ ਸਾਂਝੀ ਪ੍ਰਾਪਤੀ ਹੈ।

ਸ. ਪ੍ਰੇਮ ਸਿੰਘ ਐਡਵੋਕੇਟ

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਕਿਹਾ ਕਿ ਜਦੋਂ ਉਹ ਜਲੰਧਰ ਆਉਣ ਤਾਂ ਜਲੰਧਰ ਦੇ ਸੈਨੇਟ ਮੈਂਬਰ ਸਾਹਿਬਾਨ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਥੇ ਆਮ ਜਨਤਾ ਨੂੰ ਯੂਨੀਵਰਸਿਟੀ ਦੀ ਵਧੀਆ ਕਾਰਗੁਜ਼ਾਰੀ ਬਾਰੇ ਜਾਣੂ ਕਰਵਾਇਆ ਜਾ ਸਕੇ।

ਪ੍ਰਿੰਸੀਪਲ ਨਾਨਕ ਸਿੰਘ

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਮਿਆਦ ਵਿਚ ਵਾਧਾ ਮਿਲਣ ਤੇ ਵਧਾਈ ਦਿੱਤੀ। ਯੂਨੀਵਰਸਿਟੀ ਵੱਲੋਂ ਸਮੇਂ ਸਿਰ ਨਤੀਜੇ ਘੋਸ਼ਿਤ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਵੈਬ ਸਾਈਟ ਨੇ ਅਣਗਿਣਤ ਮੁਸ਼ਕਲਾਂ ਨੂੰ ਹੱਲ ਕਰ ਦਿੱਤਾ ਹੈ। ਪਲੇਸਮੈਂਟ ਸੈਲ ਵੀ ਬਹੁਤ ਵਧੀਆ ਕੰਮ ਕਰ ਰਿਹਾ ਹੈ। ਦਾਖਲਾ ਵੀ ਬਹੁਤ ਵਧੀਆ ਹੋਇਆ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਕਾਫੀ ਮਹੱਤਤਾ ਹੈ। ਇਸ ਯੂਨੀਵਰਸਿਟੀ ਤੋਂ ਡਿਗਰੀ ਕਰਨ ਦੇ ਦੌਰਾਨ ਹੀ ਬੱਚਿਆਂ ਨੂੰ ਨੌਕਰੀ ਮਿਲ ਜਾਂਦੀ ਹੈ।

ਡਾ. ਨੀਲਮ ਸੇਠੀ

ਉਨ੍ਹਾਂ ਉਪ-ਕੁਲਪਤੀ ਸਾਹਿਬ ਨੂੰ ਮਿਆਦ ਵਿਚ ਵਾਧਾ ਮਿਲਣ ਤੇ ਵਧਾਈ ਦਿੱਤੀ । ਉਨ੍ਹਾਂ ਕਿਹਾ ਕਿ ਸਲਾਨਾ ਰਿਪੋਰਟ ਬਹੁਤ ਵਧੀਆ ਹੈ ਅਤੇ ਪੜ੍ਹ ਕੇ ਬਹੁਤ ਖੁਸ਼ੀ ਮਿਲੀ ਹੈ। ਇਹ ਰਿਪੋਰਟ ਕਾਲਜਾਂ ਵਾਸਤੇ ਬਹੁਤ ਵਧੀਆ ਸਾਬਤ ਹੋਵੇਗੀ।ਹੋਮ ਸਾਇੰਸ ਅਤੇ ਫਾਈਨ ਆਰਟਸ ਵਿਭਾਗ ਯੂਨੀਵਰਸਿਟੀ ਵਿਖੇ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਜੇਕਰ ਵੂਮੈਨ ਸਟੱਡੀ ਸੈਂਟਰ ਵੀ active ਹੋ ਜਾਵੇ ਤਾਂ ਬਹੁਤ ਵਧੀਆ ਗੱਲ ਹੋਵੇਗੀ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਜਦੋਂ ਉਹ ਲਖਨਊ ਯੂਨੀਵਰਸਿਟੀ ਵਿਚ ਸਨ ਤਾਂ ਉਸ ਵੇਲੇ ਵੂਮੈਨ ਸਟੱਡੀ ਸੈਂਟਰ ਹੁੰਦਾ ਸੀ, ਪ੍ਰੰਤੂ ਐਮ.ਏ. ਕਰਨ ਤੋਂ ਬਾਅਦ ਉਨ੍ਹਾਂ ਨੂੰ ਰੋਜ਼ਗਾਰ ਨਹੀਂ ਮਿਲਦਾ ਸੀ। ਇਸ ਵਾਰ ਐਨ.ਸੀ.ਈ.ਆਰ.ਟੀ. ਤੋਂ ਐਜੂਕੇਸ਼ਨ ਵਿਭਾਗ ਖੋਲ੍ਹਣ ਦੀ ਮੰਜ਼ੂਰੀ ਮਿਲ ਗਈ ਹੈ, ਪ੍ਰੰਤੂ ਇਹ ਲੇਟ ਮਿਲੀ ਹੈ। ਅਗਲੇ ਸਾਲ ਤੋਂ ਐਜੂਕੇਸ਼ਨ ਵਿਭਾਗ ਸ਼ੁਰੂ ਕੀਤਾ ਜਾਵੇਗਾ।

ਡਾ. ਕੇ.ਐਸ. ਰੇਖੀ

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਵਿਤੀ ਸਾਧਨ ਸੀਮਤ ਹਨ। ਰਾਜ ਸਰਕਾਰ ਵੱਲੋਂ ਬਹੁਤ ਘੱਟ ਗ੍ਰਾਂਟ ਦਿੱਤੀ ਜਾਂਦੀ ਹੈ। ਕੁਝ ਕਾਲਜ ਵਿਤੀ ਤੋਰ ਤੇ ਕਮਜ਼ੋਰ ਹੋ ਜਾਂਦੇ ਹਨ ਅਤੇ ਉਹ ਰਾਜਨੀਤਿਕ ਪਹੁੰਚ ਕਰਦੇ ਹਨ।

ਉਪ-ਕੁਲਪਤੀ ਸਾਹਿਬ

ਉਨ੍ਹਾਂ ਕਿਹਾ ਕਿ ਅਸੀਂ ਗ੍ਰਾਂਟ ਵਾਸਤੇ ਪੰਜਾਬ ਸਰਕਾਰ ਤੇ ਨਿਰਭਰ ਨਹੀਂ ਰਹਿ ਸਕਦੇ।ਕਾਲਜਾਂ ਵਿਚ 75% ਲੋਕ ਪਿੰਡਾਂ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੂੰ ਉਚ ਪੱਧਰੀ ਸਿੱਖਿਆ ਦੇਣਾ ਯੂਨੀਵਰਸਿਟੀ ਦਾ ਕੰਮ ਹੈ।ਉਨ੍ਹਾਂ ਕੋਲ ਕਈ ਇਹੋ ਜਿਹੇ ਬੱਚੇ ਆਉਂਦੇ ਹਨ ਜੋ ਵਿਤੀ ਤੌਰ ਤੇ ਕਮਜ਼ੋਰ ਹੁੰਦੇ ਹਨ। ਇਸ

ਯੂਨੀਵਰਸਿਟੀ ਨੇ ਕਿਸੇ ਦਾ ਕੋਈ ਕਰਜਾ ਨਹੀਂ ਦੇਣਾ।ਵਿਦਿਆਰਥੀਆਂ ਦੀ ਗਿਣਤੀ ਬਹੁਤ ਵਧਾਈ ਗਈ ਹੈ।

ਰਜਿਸਟਰਾਰ ਸਾਹਿਬ

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਚ 1000 ਕਰਮਚਾਰੀ ਪੈਨਸ਼ਨ ਲੈ ਰਹੇ ਹਨ ਅਤੇ ਉਨ੍ਹਾਂ ਨੂੰ ਬਕਾਇਦਾ ਪੈਨਸ਼ਨ ਦਿੱਤੀ ਜਾ ਰਹੀ ਹੈ। ਪੈਨਸ਼ਨ ਲਈ subscription ਆਉਣੀ ਬੰਦ ਹੋ ਗਈ ਹੈ। ਇਸ ਕਰਕੇ ਤਕਰੀਬਨ 20 ਕਰੋੜ ਰੁਪਇਆ ਪੈਨਸ਼ਨ ਲਈ ਐਲੋਕੇਟ ਕੀਤਾ ਹੋਇਆ ਹੈ। ਦੋ ਕਰੋੜ ਰੁਪਏ ਸੇਵਿੰਗ ਵਿਚੋਂ ਪੈਨਸ਼ਨ ਫੰਡ ਵਿਚ ਪਾਇਆ ਜਾਂਦਾ ਹੈ।

ਡਾ. ਜਸਪਾਲ ਸਿੰਘ ਸੰਧੂ

ਉਨ੍ਹਾਂ ਕਿਹਾ ਕਿ 23 ਕਰੋੜ ਰੁਪਏ ਹੈਲਥ ਸੈਂਟਰ ਦੇ ਯੰਤਰ ਖਰੀਦਣ ਵਾਸਤੇ ਖਰਚ ਕੀਤੇ ਗਏ ਹਨ। ਇਸ ਨਾਲ ਹੈਲਥ ਸੈਂਟਰ ਵਿਚ ਬਹੁਤ ਵਿਕਾਸ ਹੋਇਆ ਹੈ। ਅਲਟਰਾਂ ਸਾਊਂਡ ਅਤੇ ਐਕਸਰੇ ਆਦਿ ਦੇ ਕੋਈ ਚਾਰਜਿਜ਼ ਨਹੀਂ ਲਏ ਜਾਂਦੇ। ਪੈਨਸ਼ਨਰਜ਼ ਨੂੰ ਮੁਫਤ ਸਹੂਲਤ ਦਿੱਤੀ ਜਾ ਰਹੀ ਹੈ। ਹੈਲਥ ਸੈਂਟਰ ਵਿਚ ਮਹੀਨੇ ਦੇ 16000-17000 ਮਰੀਜ਼ ਆ ਜਾਂਦੇ ਹਨ।

ਡਾ. ਡੀ.ਐਨ.ਜੋਹਰ

ਉਨ੍ਹਾਂ ਕਿਹਾ ਕਿ ਹੈਲਥ ਸੈਂਟਰ ਵਾਸਤੇ ਠੀਕ ਖਰਚਾ ਕੀਤਾ ਗਿਆ ਹੈ। ਯੂਨੀਵਰਸਿਟੀ ਸਹੀ ਰਾਹ ਤੇ ਚੱਲ ਰਹੀ ਹੈ। ਉਹੀ ਯੂਨੀਵਰਸਿਟੀ ਸਹੀ ਤਰੀਕੇ ਨਾਲ ਚੱਲ ਸਕੇਗੀ ਜੋ ਆਪਣੇ ਸਾਧਨ ਆਪ ਪੈਦਾ ਕਰੇਗੀ। ਉਨ੍ਹਾਂ ਕਿਹਾ ਕਿ ਉਹ ਵੀ ਆਗਰਾ ਯੂਨੀਵਰਸਿਟੀ ਦੇ ਉਪ-ਕੁਲਪਤੀ ਹਨ। ਉਥੇ ਪੈਸੇ ਦੀ ਘਾਟ ਦਾ ਕੋਈ ਮਸਲਾ ਨਹੀਂ ਹੈ। 107 ਕਰੋੜ ਦਾ ਫੰਡ ਪੈਨਸ਼ਨ ਵਾਸਤੇ ਰੱਖਿਆ ਹੋਇਆ ਹੈ। ਉਨ੍ਹਾਂ ਕੋਲ 325 ਕਰੋੜ ਰੁਪਏ ਦਾ ਡੀਪਾਜ਼ਟ ਹੈ।ਪੈਨਸ਼ਨ ਫੰਡ ਵਿਚ ਹੋਰ ਪੈਸਾ ਜਮ੍ਹਾਂ ਕਰਾਉਣ ਤੋਂ ਬਿਨ੍ਹਾਂ ਵੀ ਸੇਵਾ ਮੁਕਤ ਕਰਮਚਾਰੀਆਂ/ਅਧਿਆਪਕਾਂ ਨੂੰ ਅਗਲੇ 30 ਸਾਲ ਤੱਕ ਪੈਨਸ਼ਨ ਦਿੱਤੀ ਜਾ ਸਕਦੀ ਹੈ।ਉਨ੍ਹਾਂ ਕਿਹਾ ਕਿ ਖੇਡ ਵਿਭਾਗ ਵੱਲੋਂ 1956 ਤੋਂ 56 ਵਾਰ MAKA ਟਰਾਫੀ ਆਯੋਜਿਤ ਹੋਈ ਹੈ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 21 ਵਾਰ MAKA ਟਰਾਫੀ ਜਿੱਤੀ ਹੈ, 15-16 ਵਾਰ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਨੇ ਉਸ ਸਮੇਂ ਬਹੁਤੀ ਵਾਰ ਟਰਾਫੀ ਜਿੱਤੀ ਸੀ, ਜਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੋਂਦ ਵਿਚ ਨਹੀਂ ਸੀ, 13-14 ਵਾਰ ਦਿੱਲੀ ਯੂਨੀਵਰਸਿਟੀ ਨੇ ਅਤੇ 4-5 ਵਾਰ ਪੰਜਾਬੀ ਯੂਨੀਵਰਸਿਟੀ ਨੇ ਜਿੱਤੀ ਹੈ। ਦੇਸ਼ ਵਿਚ 500 ਯੂਨੀਵਰਸਿਟੀਆਂ ਹਨ। ਆਗਰਾ ਯੂਨੀਵਰਸਿਟੀ ਅਧੀਨ 531 ਕਾਲਜ ਹਨ। ਉਥੇ ਉਨ੍ਹਾਂ ਨੂੰ ਇਹ ਪਤਾ ਨਹੀਂ ਕਿ MAKA ਟਰਾਫੀ ਕੀ ਹੁੰਦੀ ਹੈ। ਖੇਡਾਂ ਅਤੇ ਸੱਭਿਆਚਾਰ ਉਹ ਚੀਜ਼ਾਂ ਹਨ, ਜਿਹੜੀਆਂ ਪੜ੍ਹਾਈ ਦੇ ਨਾਲ ਨਾਲ ਬਹੁਤ ਜ਼ਰੂਰੀ ਹਨ।ਆਗਰਾ ਯੂਨੀਵਰਸਿਟੀ ਵਿਖੇ 5 ਲੱਖ ਵਿਦਿਆਰਥੀ ਇਮਤਿਹਾਨ ਵਿਚ ਪ੍ਰਵੇਸ਼ ਕਰਦੇ ਹਨ।

**ਪਾਸ ਹੋਇਆ** ਕਿ ਸਾਲ 2011 ਲਈ ਯੂਨੀਵਰਸਿਟੀ ਦੀ 42ਵੀਂ ਸਲਾਨਾ ਰਿਪੋਰਟ (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

ਸਬੰਧਤ ਕਾਲਜਾਂ/ਕੈਂਪਸਾਂ ਵਿਖੇ ਨਵੀਆਂ ਕਲਾਸਾਂ/ ਕੋਰਸ ਸ਼ੁਰੂ ਕਰਨ, ਕਾਲਜ ਦੇ ਨਾਮ ਦੀ ਆਰਜੀ ਤੌਰ ਤੇ ਤਬਦੀਲੀ, ਪੇਪਰ/ ਕੋਰਸ ਦੇ ਨਾਮ ਦੀ ਤਬਦੀਲੀ, ਕਾਲਜਾਂ ਨੂੰ ਪੱਕੀ ਸਬੰਧਤਾ, ਕੋਰਸ ਬੰਦ ਕਰਨ ਦੀ ਪਰਵਾਨਗੀ।

7. ਸਿੰਡੀਕੇਟ ਦੀਆਂ ਹੇਠ ਲਿਖੀਆਂ ਸਿਫਾਰਸ਼ਾਂ ਤੇ ਵਿਚਾਰ ਹੋਈ:-

(i) ਕੇ.ਸੀ.ਕਾਲਜ ਆਫ ਐਜੂਕੇਸ਼ਨ , ਨਵਾਂ ਸ਼ਹਿਰ ਨੂੰ ਪੱਕੀ ਸਬੰਧਤਾ ਪਰਦਾਨ ਕੀਤੀ ਜਾਵੇ।
(ਸਿੰਡੀਕੇਟ ਪੈਰਾ 23 ਮਿਤੀ 26.3.2012)

(ii) ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਵੇਰਕਾ, ਅੰਮ੍ਰਿਤਸਰ ਵਿਖੇ ਸੈਸ਼ਨ 2012-13 ਤੋਂ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ ਅਤੇ ਬੀ.ਐਸ.ਸੀ.(ਫੈਸ਼ਨ ਡਿਜਾਈਨਿੰਗ) ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।
(ਸਿੰਡੀਕੇਟ ਪੈਰਾ 31 ਮਿਤੀ 26.3.2012)

(iii) (ੳ) ਸੈਸ਼ਨ 2012-13 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਸਠਿਆਲਾ ਵਿਖੇ ਬੀ.ਏ.(ਇਕਨਾਮਿਕਸ), ਭਾਗ ਪਹਿਲਾ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।
(ਅ) ਸੈਸ਼ਨ 2012-13 ਤੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੁੰਘ, ਤਰਨ-ਤਾਰਨ ਵਿਖੇ ਡਿਪਲੋਮਾ ਇਨ ਕੰਪਿਊਟਰ ਐਪਲੀਕੇਸ਼ਨ ਅਤੇ ਬੀ.ਐਸ.ਸੀ.(ਫੈਸ਼ਨ ਡਿਜਾਈਨਿੰਗ) ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।
(ਸਿੰਡੀਕੇਟ ਪੈਰਾ 32 ਮਿਤੀ 26.3.2012)

(iv) ਸਰਕਾਰੀ ਆਰਟਸ ਐਂਡ ਸਪੋਰਟਸ(ਕੋ-ਐਜੂਕੇਸ਼ਨ) ਕਾਲਜ, ਜਲੰਧਰ ਦਾ ਨਾਮ ਬਦਲ ਕੇ ਸਰਕਾਰੀ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ ਕਰਨ ਦੀ ਪਰਵਾਨਗੀ ਦਿੱਤੀ ਜਾਵੇ ।
(ਸਿੰਡੀਕੇਟ ਪੈਰਾ 33 ਮਿਤੀ 26.3.2012)

(v) ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ, ਨਵਾਂ ਸ਼ਹਿਰ ਵਿਖੇ 2012-13 ਤੋਂ ਬੀ.ਐਸ.ਸੀ. (ਫੈਸ਼ਨ ਡਿਜਾਈਨਿੰਗ)ਕੋਰਸ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ।
(ਸਿੰਡੀਕੇਟ ਪੈਰਾ 58 ਮਿਤੀ 26.3.2012)

(vi) ਮਾਸਟਰ ਇਨ ਪਰਫਾਰਮਿੰਗ ਆਰਟਸ ਦਾ ਕੋਰਸ ਸੈਸ਼ਨ 2012-13 ਤੋਂ ਬੰਦ ਕਰਨ ਦੀ ਪਰਵਾਨਗੀ ਦਿੱਤੀ ਜਾਵੇ।
(ਸਿੰਡੀਕੇਟ ਪੈਰਾ 53 ਮਿਤੀ 25.6.2012)

(vii) ਸੈਸ਼ਨ 2012-13 ਤੋਂ ਹੇਠ ਲਿਖੇ ਕੋਰਸਾਂ ਦਾ ਨਾਮ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

| ਵਰਤਮਾਨ ਨਾਮ | ਤਜ਼ਵੀਜ਼ਸ਼ੁਦਾ ਨਾਮ |
|---|---|
| B.S.Sc. (Hons. School) Social Sceince | B.A. (Hons.) Social Sceince |
| M.S.Sc. (Hons. School) Social Science | M.A. (Hons.) Social Science |
| Bachelor of Journalism & Mass Communication | B.A. (Journalism & Mass Communication) (Hons.) for University<br>B.A. (Journalism & Mass Communication) in the affiliated colleges |

| | |
|---|---|
| Master of Journalism & Mass Communication | M.A. (Journalism & Mass Communication) (Hons.) for University M.A. (Journalism & Mass Communication) in the affiliated colleges. |

(ਸਿੰਡੀਕੇਟ ਪੈਰਾ 54 ਮਿਤੀ 25.6.2012)

(viii) ਸੈਸ਼ਨ 2011-12 ਤੋਂ ਯੂਨੀਵਰਸਿਟੀ ਕੈਂਪਸ ਅਤੇ ਯੂਨੀਵਰਸਿਟੀ ਰਿਜਨਲ ਕੈਂਪਸਾਂ ਵਿਖੇ ਚੱਲ ਰਹੇ ਹੇਠ ਲਿਖੇ ਕੋਰਸਾਂ ਨੂੰ ਆਨਰਜ਼ ਕੋਰਸਾਂ ਵਿਚ ਤਬਦੀਲ ਕਰਨ ਦੀ ਪਰਵਨਾਗੀ ਦਿੱਤੀ ਜਾਵੇ:-

| ਕੋਰਸ ਦਾ ਵਰਤਮਾਨ ਨਾਮ | ਤਜ਼ਵੀਜ਼ਸ਼ੁਦਾ ਨਾਮ |
|---|---|
| M.Com. | M.Com. (Hons.) |
| LL.M. | LL.M. (Hons.) |
| Master of Business Economics | Master of Business Economics (Hons.) |
| M.A. English, Hindi, History, Music (vocal Instrumental), Philosophy, Political Science, Psychology, Punjabi, Religious Studies, Sanskrit, Sociology | M.A. (Hons.) English, Hindi, History, Music (vocal Instrumental), Philosophy, Political Science, Psychology, Punjabi, Religious Studies, Sanskrit, Sociology. |
| LL.B. | LL.B. (Hons.) |
| LL.B. (FYIC) | B.A.LL.B. (Hons.) (FYIC) |

(ਸਿੰਡੀਕੇਟ ਪੈਰਾ 55 ਮਿਤੀ 25.6.2012)

(ix) (ੳ) ਬੰਦ ਕੀਤੇ ਕੋਰਸਾਂ ਨੂੰ ਰਿਵਿਊ ਕਰਨ ਹਿਤ ਗਠਿਤ ਕਮੇਟੀ ਦੀਆਂ ਮਿਤੀ 12.4.2012 ਦੀਆਂ ਸਿਫ਼ਾਰਸ਼ਾਂ **ਅੰਤਿਕਾ** ਅਨੁਸਾਰ ਦੀ ਪਰਵਾਨਗੀ ਦਿੱਤੀ ਜਾਵੇ।

(ਅ) Sahitcharya ਕੋਰਸ ਦਾ ਨਾਮ Acharya ਤਬਦੀਲ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 63 ਮਿਤੀ 25.6.2012)

(x) (ੳ)(i) ਯੂਨੀਵਰਸਿਟੀ ਵੱਲੋਂ ਸੈਸ਼ਨ 2011-12 ਤੋਂ **ਅੰਤਿਕਾ** ਅਨੁਸਾਰ ਨਵੇਂ ਕਾਲਜਾਂ ਨੂੰ (ਕੋਰਸਾਂ ਸਮੇਤ) ਆਰਜ਼ੀ ਸਬੰਧਤਾ ਪਰਦਾਨ ਕੀਤੀ ਜਾਵੇ।

(ii) ਸੈਸ਼ਨ 2011-12 ਤੋਂ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਨੂੰ **ਅੰਤਿਕਾ** ਅਨੁਸਾਰ ਨਵੇਂ ਵਿਸ਼ੇ/ ਕਲਾਸਾਂ/ ਕੋਰਸਾਂ ਦੀ ਆਰਜ਼ੀ ਸਬੰਧਤਾ ਪ੍ਰਦਾਨ ਕੀਤੀ ਜਾਵੇ।

(ਅ) ਹੇਠ ਲਿਖੇ ਕਾਲਜਾਂ ਨੂੰ ਦਿੱਤੇ ਕੋਰਸਾਂ ਨੂੰ ਬੰਦ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

| **Sr. No.** | **Name of the College** | **Course Name** | **From Session** |
|---|---|---|---|
| 1. | Sant Baba Bhag Singh Institute of Education, Vill. Khiala, P.O. Padhiana (Distt. Jalandhar) | PGDCA (Teacher Education) | 2011-12 |
| 2. | Sant Hira Dass Kanya Mahavidyalaya, Kala Sanghian (Kapurthala) | B.A. Part-I: Mathematics | 2011-12 |
| 3. | Army Institute of Higher Education, Pathankot | B.Ed. | 2011-12 |
| 4. | Guru Nanak Khalsa Girls College, Baba Sang Dhesian, Goraya (Distt. Jalandhar) | Bachelor in Physiotherapy | 2011-12 |
| 5. | Trinity College, Jalandhar | B.A. Part-I & II: Music, Psychology & Philosophy | 2011-12 |

(ੲ) ਸੈਸ਼ਨ 2012-13 ਤੋਂ ਪੀ.ਜੀ. ਡਿਪਲੋਮਾ ਇਨ ਫੈਸ਼ਨ ਡਿਜਾਈਨਿੰਗ ਅਤੇ ਪੀ.ਜੀ. ਡਿਪਲੋਮਾ ਇਨ ਡਰੈਸ ਡਿਜਾਈਨਿੰਗ ਐਂਡ ਟੇਲਰਿੰਗ (ਦੋਨਾਂ) ਦੀ ਥਾਂ ਇਕੋ ਪੀ.ਜੀ. ਡਿਪਲੋਮਾ ਇਨ ਗਾਰਮੈਂਟ ਕੰਸਟ੍ਰਕਸ਼ਨ ਐਂਡ ਫੈਸ਼ਨ ਡਿਜਾਈਨਿੰਗ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

(ਸ) ਸੈਸ਼ਨ 2012-13 ਤੋਂ ਜਿਨ੍ਹਾਂ ਵਿਦਿਆਰਥੀਆ ਨੇ ਬਾਹਰਲੇ ਰਾਜਾਂ ਤੋਂ ਪੰਜਾਬੀ ਭਾਸ਼ਾ ਤੋਂ ਬਗੈਰ ਹੇਠਲੀ ਪ੍ਰੀਖਿਆ ਪਾਸ ਕੀਤੀ ਹੈ, ਉਨ੍ਹਾਂ ਨੂੰ ਬੀ.ਏ. ਪੱਧਰ ਤੇ ਪੰਜਾਬ ਹਿਸਟਰੀ ਐਂਡ ਕਲਚਰ ਦੀ ਥਾਂ ਬੇਸਿਕ ਪੰਜਾਬੀ ਪੜ੍ਹਾਈ ਜਾਵੇ ।ਇਸ ਲਈ ਸੈਸ਼ਨ 2012-13 ਤੋਂ ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ discontinue ਕਰਕੇ ਬੇਸਿਕ ਪੰਜਾਬੀ ਦਾ ਵਿਸ਼ਾ ਪੜ੍ਹਾਇਆ ਜਾਵੇ।

{ਸਿੰਡੀਕੇਟ ਪੈਰਾ 68 (7,8 ਅਤੇ 12) ਮਿਤੀ 25.6.2012)}

(xi) ਸ਼ਹੀਦ ਰਾਮ ਸਿੰਘ ਪਠਾਨੀਆ ਮੈਮੋਰੀਅਲ ਕਾਲਜ, ਨਿਆੜੀ ਵਿਖੇ ਸੈਸ਼ਨ 2012-13 ਤੋਂ ਹੇਠ ਲਿਖੇ ਨਵੇਂ ਵਿਸ਼ੇ/ਕੋਰਸ/ਕਲਾਸਾਂ ਸ਼ੁਰੂ ਕਰਨ ਦੀ ਪਰਵਾਨਗੀ ਦਿੱਤੀ ਜਾਵੇ:-

1. Mathematics as an elective subject in all graduate streams.
2. Economics as an elective subject in all graduate streams.
3. Sociology as an elective subject in Arts stream.
4. B.Sc. (Economics).
5. Diploma in Computer Application.

(ਸਿੰਡੀਕੇਟ ਪੈਰਾ 78 ਮਿਤੀ 25.6.2012)

(ੳ) B.Tech(Computer Engineering) ਅਤੇ M.Tech. (Software Systems) ਦੇ ਨਵੇਂ ਕੋਰਸਾਂ ਦੇ ਨਾਮ ਸੈਸ਼ਨ 2011-12 ਤੋਂ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤੇ ਜਾਣ:-

| **Present Nomenclature** | **Proposed Nomenclature** |
|---|---|
| 1. B.Tech(Computer Science & Engineering) | 1. B.Tech (Computer Science & Engineering)/ B.Tech.(Computer Engineering) |
| 2. M.Tech(Computer Science & Engineering) | 2. M.Tech (Computer Science & Engineering)/ M.Tech.(Software System) |
| | **Note**:-As the ordinances of B.Tech.(Computer Engineering) are similar with B.Tech. (Computer Sc. & Engg.) and Ordinances of M.Tech. (Software System) are similar with M.Tech. (Comp.Sc. & Engg.) their names are being clubbed. |

(ਸਿੰਡੀਕੇਟ ਪੈਰਾ 94 **ਅੰਤਿਕਾ II** ਮਿਤੀ 25.6.2012)

(xii) ਸਰਕਾਰੀ ਡਿਗਰੀ ਕਾਲਜ, ਪੱਟੀ ਅਤੇ ਸਰਕਾਰੀ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਪੱਟੀ (ਤਰਨ ਤਾਰਨ) ਨੂੰ ਯੂਨੀਵਰਸਿਟੀ ਕਾਲਜ ਬਣਾਉਣ ਸਬੰਧੀ ਲਏ ਗਏ ਨਿਰਣੇ ਦੀ ਪਰਵਾਨਗੀ ਦਿੱਤੀ ਜਾਵੇ।

(ਸਿੰਡੀਕੇਟ ਪੈਰਾ 100 (ੳ)ਮਿਤੀ 25.6.2012)

**ਪਾਸ ਹੋਇਆ** ਕਿ ਸਿੰਡੀਕੇਟ ਦੀਆਂ ਉਕਤ ਸਿਫ਼ਾਰਸ਼ਾਂ ਪਰਵਾਨ ਕੀਤੀਆਂ ਜਾਂਦੀਆਂ ਹਨ।

ਉਪ-ਕੁਲਪਤੀ ਸਾਹਿਬ ਦਾ ਬਿਆਨ।

8. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ :-

1. ਯੂਨੀਵਰਸਿਟੀ ਵਿਖੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਭਵਨ ਦੀ ਉਸਾਰੀ ਲਈ ਯੂ.ਜੀ.ਸੀ. ਵੱਲੋਂ 12,08,39,475/- ਰੁਪਏ (Rs. Twelve Crore eight lakhs thirty nine thousand four hundred seventy five) ਪ੍ਰਵਾਨ ਕੀਤੇ ਗਏ ਹਨ।

2. ਮਿਤੀ 31.8.2012 ਨੂੰ ਸ਼੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵੱਲੋ "ਸ਼੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਅਤੇ ਸੰਦੇਸ਼" ਵਿਸ਼ੇ ਤੇ ਸਿੰਪੋਜ਼ੀਅਮ ਦਾ ਆਯੋਜਨ ਕੀਤਾ ਗਿਆ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਨੂੰ ਸਮਰਪਿਤ ਸਿੰਪੋਜ਼ੀਅਮ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਸੰਕਲਨ ਦੇ ਇਤਿਹਾਸ ਅਤੇ ਸੰਦੇਸ਼ ਵਿਸ਼ੇ ਉਪਰ ਚਾਨਣਾ ਪਾਇਆ ਗਿਆ।

3. ਭਾਰਤ ਸਰਕਾਰ ਦੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਵੱਲੋਂ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਨੂੰ ਸੈਂਟਰਲ ਐਡਵਾਇਜ਼ਰੀ ਬੋਰਡ ਆਫ ਐਜੂਕੇਸ਼ਨ (ਕੈਬ) ਦਾ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਵਰਣਨਯੋਗ ਹੈ ਕਿ ਸੈਂਟਰਲ ਐਡਵਾਇਜ਼ਰੀ ਬੋਰਡ ਆਫ ਐਜੂਕੇਸ਼ਨ ਪੂਰੇ ਭਾਰਤ ਵਿਚ ਸਿੱਖਿਆ ਦੇ ਖੇਤਰ ਵਿਚ ਇਕ ਉੱਚ ਸਲਾਹਕਾਰ ਸੰਸਥਾ ਵਜੋਂ ਜਾਣੀ ਜਾਂਦੀ ਹੈ।

4. ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਇੰਡੋ-ਆਸਟਰੇਲੀਆ ਯੂਨੀਵਰਸਿਟੀ ਸ਼ੈਡੋਇੰਗ ਪ੍ਰੋਗਰਾਮ ਵਿਚ ਸ਼ਾਮਿਲ ਹੋਏ। ਪ੍ਰੋਫੈਸਰ ਬਰਾੜ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਅਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵੱਲੋਂ ਨਾਮਜ਼ਦ ਪੰਜ ਉਪ-ਕੁਲਪਤੀਆਂ ਵਿਚੋਂ ਇਕ ਸਨ। ਇਸ ਪ੍ਰੋਗਰਾਮ ਦਾ ਉਦੇਸ਼ ਭਾਰਤ ਤੇ ਆਸਟਰੇਲੀਆ ਦੀ ਉਚੇਰੀ ਸਿੱਖਿਆ ਬਾਰੇ ਜਾਣਕਾਰੀ ਹਾਸਲ ਕਰਨਾ ਅਤੇ ਆਪਸੀ ਤਾਲਮੇਲ ਦੀਆਂ ਸੰਭਾਵਨਾਵਾਂ ਤਲਾਸ਼ਣਾ ਸੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਜਲਦੀ ਹੀ ਆਸਟਰੇਲੀਆ ਦੀਆਂ ਯੂਨੀਵਰਸਿਟੀਆਂ ਨਾਲ ਵਿੱਦਿਆ ਅਤੇ ਖੋਜ ਦੇ ਖੇਤਰ ਵਿਚ ਕੁੱਝ ਸਮਝੋਤੇ ਕਰੇਗੀ।

5. (i) ਯੂਨੀਵਰਸਿਟੀ ਦੀ ਵਿਦਿਆਰਥਣ ਰੁਕਮਣੀ ਰਿਆੜ ਨੇ ਆਲ ਇੰਡੀਆ ਸਿਵਲ ਸਰਵਿਸਿਜ਼ ਪ੍ਰੀਖਿਆ-2011 ਵਿਚ ਦੂਜਾ ਰੈਂਕ ਹਾਸਲ ਕੀਤਾ ਹੈ।ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਰਿਜਨਲ ਕੈਂਪਸ, ਜਲੰਧਰ ਦੇ ਕਾਨੂੰਨ ਵਿਭਾਗ ਦੇ 18 ਵਿਦਿਆਰਥੀਆਂ ਨੇ PCS (Judicial) ਦੀ ਪ੍ਰੀਖਿਆ ਵਿਚ ਸਫਲਤਾ ਹਾਸਲ ਕੀਤੀ ਹੈ।

(ii) ਯੂਨੀਵਰਸਿਟੀ ਦੇ ਸਕੂਲ ਆਫ ਸੋਸ਼ਲ ਸਾਇੰਸਜ਼ ਦੇ ਤਿੰਨ ਵਿਦਿਆਰਥੀਆਂ ਨੇ PCS (Executive) Examination-2011 ਪਹਿਲੀ ਵਾਰ ਵਿਚ ਹੀ ਪਾਸ ਕੀਤੀ ਹੈ।

(iii) ਯੂਨੀਵਰਸਿਟੀ ਦੇ ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੇਟਿਵ ਐਗਜ਼ਾਮੀਨੇਸ਼ਨਜ਼ ਦੇ ਛੇ ਵਿਦਿਆਰਥੀ ਪੀ.ਸੀ.ਐਸ. ਅਫਸਰ ਵਜੋਂ ਚੁਣੇ ਗਏ ਹਨ।

6. ਆਲ ਇੰਡੀਆ ਇੰਜੀਨੀਅਰਿੰਗ ਐਂਟਰੈਂਸ ਟੈਸਟ-2012 ਵਿਚ ਪ੍ਰੋਗਰੈਸਿਵ ਐਜੂਕੇਸ਼ਨਲ ਸੁਸਾਇਟੀ ਦੇ ਚਲ ਰਹੇ ਪ੍ਰਜੈਕਟ ਅਧੀਨ +2 ਦੇ ਪਹਿਲੇ ਬੈਚ ਦੇ ਵਿਦਿਆਰਥੀਆਂ ਨੇ ਮੈਰਿਟ ਵਿਚ ਉਚੇਰੇ ਰੈਂਕ ਪ੍ਰਾਪਤ ਕਰਕੇ ਬਹੁਤ ਵਧੀਆ ਕਾਰਗੁਜ਼ਾਰੀ ਦਾ ਮੁਜ਼ਾਹਰਾ ਕੀਤਾ ਹੈ। ਇਹ ਪ੍ਰਜੈਕਟ ਪੰਜਾਬ ਸਰਕਾਰ ਦੇ ਸਹਿਯੋਗ ਨਾਲ 2010 ਵਿਚ ਖਾਲਸਾ ਕਾਲਜ ਪਬਲਿਕ ਸਕੂਲ, ਅੰਮ੍ਰਿਤਸਰ ਵਿਚ ਸ਼ੁਰੂ ਕੀਤਾ ਗਿਆ ਸੀ ਅਤੇ ਯੂਨੀਵਰਸਿਟੀ ਦੇ ਉਪ-ਕੁਲਪਤੀ, ਪ੍ਰੋਫੈਸਰ ਅਜਾਇਬ ਸਿੰਘ ਬਰਾੜ ਇਸ ਸੁਸਾਇਟੀ ਦੇ ਚੇਅਰਮੈਨ ਹਨ। ਵਿਦਿਆਰਥੀਆ ਨੇ CBSE ਦੇ +2 ਦੇ ਨਤੀਜੇ ਵਿਚ ਵੀ ਬਹੁਤ ਵਧੀਆਂ ਪ੍ਰਦਰਸ਼ਨ ਕੀਤਾ ਹੈ।

7. ਬੋਟਾਨੀਕਲ ਐਂਡ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਪੰਜਾਬ ਬਾਇਓ ਡਾਇਵਰਸਿਟੀ ਬੋਰਡ ਦੇ ਸਹਿਯੋਗ ਨਾਲ 22 ਮਈ ਨੂੰ ਅੰਤਰ-ਰਾਸ਼ਟਰੀ ਜੈਵਿਕ ਵਿਭਿੰਨਤਾ ਦਿਵਸ ਮਨਾਇਆ ਗਿਆ।

8. ਯੂਨੀਵਰਸਿਟੀ ਵਿਖੇ ਬੋਟਾਨੀਕਲ ਅਤੇ ਇਨਵਾਰਿਨਮੈਂਟਲ ਸਾਇੰਸਜ਼ ਵਿਭਾਗ ਵੱਲੋਂ ਮਿਤੀ 27.8.2012 ਤੋਂ 2.9.2012 ਤੱਕ ਅਨੈਲਿਸਿਸ ਆਫ ਬਾਇਓਲੋਜੀਕਲ ਡਾਟਾ (Analysis of Biological data) ਵਿਸ਼ੇ ਤੇ ਵਰਕਸ਼ਾਪ ਕਰਵਾਈ ਗਈ।

9. ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਵੱਲੋਂ 10 ਅਪ੍ਰੈਲ ਨੂੰ ਐਨ.ਐਸ.ਐਸ. ਯੂਨਿਟ-2 ਦੇ ਪ੍ਰੋਫੈਸਰ ਅਤੇ ਪ੍ਰੋਗਰਾਮ ਅਫਸਰ, ਡਾ. ਜਸਪਾਲ ਸਿੰਘ, ਅਤੇ ਯੂਨਿਟ-1 ਦੇ ਪ੍ਰੋਗਰਾਮ ਅਫਸਰ ਡਾ. ਬਿਮਲਦੀਪ ਸਿੰਘ ਦੀ ਨਿਗਰਾਨੀ ਹੇਠ ਖ਼ੂਨਦਾਨ ਤੇ ਬਲੱਡ ਗਰੁੱਪ ਟੈਸਟਿੰਗ ਕੈਂਪ ਲਗਾਇਆ ਗਿਆ।

10. ਯੂਨੀਵਰਸਿਟੀ ਦੇ ਅਕਾਦਮਿਕ ਸਟਾਫ ਕਾਲਜ ਵੱਲੋਂ ਮਿਤੀ 2.5.2012 ਤੋਂ 29.5.2012 ਤੱਕ ਜਨਰਲ ਓਰੀਐਂਟੇਸ਼ਨਲ ਕੋਰਸ-88 ਅਤੇ ਮਿਤੀ 7.6.2012 ਤੋਂ 4.7.2012 ਤੱਕ ਜਨਰਲ ਓਰੀਐਂਟੇਸ਼ਨਲ ਕੋਰਸ-89 ਅਯੋਜਿਤ ਕੀਤੇ ਗਏ।

11. ਯੂਨੀਵਰਸਿਟੀ ਦੇ ਯੁਵਕ ਭਲਾਈ ਵਿਭਾਗ ਵੱਲੋਂ ਯੂਨੀਵਰਸਿਟੀ ਸਟੂਡੈਂਟਸ ਹੋਲੀਡੇ ਹੋਮ, ਡਲਹੋਜ਼ੀ ਵਿਖੇ ਹੇਠ ਲਿਖੇ ਅਨੁਸਾਰ ਪੰਜ ਕੈਂਪ ਆਯੋਜਿਤ ਕੀਤੇ ਗਏ:

| | |
|---|---|
| (ੳ) ਯੂਥ ਲੀਡਰਸ਼ਿਪ ਟਰੇਨਿੰਗ ਕੈਂਪ (ਲੜਕੀਆਂ) | 7.5.2012 ਤੋਂ 13.5.2012 ਤੱਕ |
| (ਅ) ਯੂਥ ਲੀਡਰਸ਼ਿਪ ਟਰੇਨਿੰਗ ਕੈਂਪ (ਲੜਕੇ) | 17.5.2012 ਤੋਂ 23.5.2012 ਤੱਕ |
| (ੲ) ਹਾਈਕਿੰਗ ਟਰੈਕਿੰਗ ਕੈਂਪ(ਲੜਕੀਆਂ) | 28.5.2012 ਤੋਂ 3.6.2012 ਤੱਕ |
| (ਸ) ਹਾਈਕਿੰਗ ਟਰੈਕਿੰਗ ਕੈਂਪ(ਲੜਕੇ) | 7.6.2012 ਤੋਂ 13.6.2012 ਤੱਕ |
| (ਹ) ਯੂਥ ਲੀਡਰਸ਼ਿਪ ਟਰੇਨਿੰਗ ਕੈਂਪ (ਲੜਕੀਆਂ) | 17.6.2012 ਤੋਂ 23.6.2012 ਤੱਕ |

12. ਉਪ-ਕੁਲਪਤੀ ਸਾਹਿਬ ਨੇ ਮਿਤੀ 17.8.2012 ਨੂੰ Emerging Life Sciences ਵਿਭਾਗ ਵਿਖੇ ਦੋ ਕਰੋੜ ਰੁਪਏ ਦੀ ਲਾਗਤ ਨਾਲ ਖ੍ਰੀਦੀ ਗਈ Field Emission Scanning Electron Microscope ਦਾ ਉਦਘਾਟਨ ਕੀਤਾ।

13. ਜੂਨ 2012 ਤੋਂ ਅਗਸਤ 2012 ਦੌਰਾਨ ਬੈਚ 2012 ਦੇ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ, ਇਲੈਕਟ੍ਰਾਨਿਕਸ ਟੈਕਨਾਲੋਜੀ ਅਤੇ ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗਾਂ ਦੇ ਕੁੱਲ 16 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਨੌਕਰੀ ਦੀ ਪੇਸ਼ਕਸ਼ ਕੀਤੀ ਗਈ । ਇਸ ਤਰ੍ਹਾਂ 2012 ਬੈਚ ਦੇ ਹੁਣ ਤੱਕ 624 ਵਿਦਿਆਰਥੀ ਵੱਖ-ਵੱਖ ਕੰਪਨੀਆਂ ਵੱਲੋਂ ਰੋਜ਼ਗਾਰ ਲਈ ਚੁਣੇ ਗਏ।

14. ਆਲ ਇੰਡੀਆ ਸਰਵਿਸਿਜ਼ ਪ੍ਰੀ-ਐਗਜ਼ਾਮੀਨੇਸ਼ਨਜ਼ ਟ੍ਰੇਨਿੰਗ ਸੈਂਟਰ ਅਤੇ ਸੈਂਟਰ ਆਫ ਪ੍ਰੈਪਰੇਸ਼ਨ ਫਾਰ ਕੰਪੀਟੀਟਿਵ ਐਗਜ਼ਾਮੀਨੇਸ਼ਨਜ਼ ਦੇ ਤਿੰਨ ਵਿਦਿਆਰਥੀਆ ਨੇ ਸੈਂਟਰਲ ਸਿਵਲ ਸਰਵਿਸਿਜ਼ ਦੀ ਮੁਢਲੀ ਪ੍ਰੀਖਿਆ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਤੋਂ ਇਲਾਵਾ ਇਸ ਵਿਭਾਗ ਦੀ ਇਕ ਵਿਦਿਆਰਥਣ ਪੰਜਾਬ ਐਂਡ ਸਿੰਧ ਬੈਂਕ ਵਿਖੇ ਪ੍ਰੋਬੇਸ਼ਨਰੀ ਅਫਸਰ ਵਜੋਂ ਨਿਯੁਕਤ ਹੋਈ ਹੈ।

15. ਭਾਰਤ ਸਰਕਾਰ ਦੇ ਮਾਨਵ ਸੰਸਾਧਨ ਵਿਕਾਸ ਮੰਤਰਾਲੇ ਵੱਲੋਂ ਯੂਨੀਵਰਸਿਟੀ ਦੇ ਗੁਰੂ ਨਾਨਕ ਅਧਿਐਨ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ, ਡਾ. ਗੁਰਸ਼ਰਨਜੀਤ ਸਿੰਘ ਨੂੰ ਭਾਰਤੀ ਧਰਮਾਂ ਦਾ ਕੋਸ਼ ਤਿਆਰ ਕਰਨ ਲਈ 6.32 ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ।

16. ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਮੁਖੀ, ਡਾ. ਰਤਨ ਸਿੰਘ ਨੂੰ ਪੰਜਾਬ ਦੇ ਸੰਦਰਭ ਵਿਚ ਸਿੱਖਿਆ ਦਾ ਅਧਿਕਾਰ: ਸਰਕਾਰੀ ਨੀਤੀਆਂ ਅਤੇ ਉਣਤਾਈਆਂ ਸਬੰਧੀ ਖੋਜ ਕਰਨ ਲਈ ਯੂਨੀਵਰਸਿਟੀ ਗਰਾਂਟਸ ਕਮਿਸ਼ਨ, ਨਵੀਂ ਦਿੱਲੀ ਵੱਲੋਂ 4.94 ਲੱਖ ਰੁਪਏ ਦਾ ਖੋਜ ਪ੍ਰੋਜੈਕਟ ਪ੍ਰਾਪਤ ਹੋਇਆ ਹੈ।

17. ਕਮਰਸ ਅਤੇ ਬਿਜਨੈਸ ਮੈਨੇਜਮੈਂਟ ਵਿਭਾਗ ਨੂੰ ਯੂ.ਜੀ.ਸੀ. ਵੱਲੋਂ Development Assistance for Upgradation of Existing and New Management Departments ਸਕੀਮ ਅਧੀਨ 31 ਲੱਖ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਈ ਹੈ।

18. ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਮੁਖੀ ਡਾ. ਪ੍ਰੀਤ ਮਹਿੰਦਰ ਸਿੰਘ ਬੇਦੀ ਨੂੰ ਉਨ੍ਹਾਂ ਦੇ ਸਿੱਖਿਆ ਦੇ ਖੇਤਰ ਵਿਚ ਵੱਡਮੁੱਲੇ ਯੋਗਦਾਨ ਸਦਕਾ ਇੰਟਰਨੈਸ਼ਨਲ ਇੰਸਟੀਚਿਊਟ ਆਫ ਐਜੂਕੇਸ਼ਨ ਐਂਡ ਮੈਨੇਜਮੈਂਟ ਵੱਲੋਂ ਮਿਤੀ 25.8.2012 ਨੂੰ ਬੈਸਟ ਐਜੂਕੇਸ਼ਨਿਸਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।

19. ਸਪੋਰਟਸ ਮੈਡੀਸਨ ਅਤੇ ਫਿਜੀਓਥਰਾਪੀ ਵਿਭਾਗ ਦੀ ਡਾ. ਸ਼ਵੇਤਾ ਸ਼ਿਨੋਏ ਨੂੰ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੋਜੀ ਵਿਭਾਗ ਵੱਲੋਂ ਲਗਭੱਗ 29 ਲੱਖ ਰੁਪਏ ਦਾ ਮਹੱਤਵਪੂਰਨ ਪ੍ਰੋਜੈਕਟ ਮਿਲਿਆ ਹੈ, ਜਿਸ ਅਧੀਨ ਪੰਜਾਬ ਦੀਆਂ ਔਰਤਾਂ ਦੇ ਪੁਸ਼ਟ ਭੋਜਨ ਅਤੇ ਹੱਡੀਆਂ ਦੀ ਤਾਕਤ ਤੇ ਅਧਿਐਨ ਕੀਤਾ ਜਾਵੇਗਾ। ਇਹ ਪ੍ਰੋਜੈਕਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਸਟੇਟ ਕੌਂਸਿਲ ਫਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਨੂੰ ਸਾਂਝੇ ਤੌਰ ਤੇ ਮਿਲਿਆ ਹੈ।

20. ਮਿਤੀ 26-27.6.2012 ਨੂੰ ਯੂਨੀਵਰਸਿਟੀ ਦੇ ਲਾਈਫ ਲੌਂਗ ਲਰਨਿੰਗ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਤਿਆਰ ਕੀਤੇ ਕੱਪੜਿਆ ਅਤੇ ਹੋਰ ਵਸਤਾਂ ਦੀ ਦੋ ਰੋਜ਼ਾਂ ਪ੍ਰਦਰਸ਼ਨੀ ਆਯੋਜਿਤ ਕੀਤੀ ਗਈ।

**ਸੈਨੇਟ ਵੱਲੋਂ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ।**

ਧੰਨਵਾਦ ਦੇ ਮਤੇ ਨਾਲ ਇਕੱਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ

(ਅ.ਸ. ਬਰਾੜ)
ਉਪ-ਕੁਲਪਤੀ